ਵਗਦੇ ਪਾਣੀ ਦਾ ਸੰਗੀਤ

(ਕਾਵਿ ਸੰਗ੍ਰਹਿ)

ਸੰਪਾਦਕ

ਸੁਰਿੰਦਰ ਰਾਮਪੁਰੀ

ਜਸਵੀਰ ਝੱਜ

ਸਹਿ ਸੰਪਾਦਕ

ਜਨਮੇਜਾ ਸਿੰਘ ਜੌਹਲ

ਸਰਦਾਰ ਕਰਨੈਲ ਸਿੰਘ ਸੋਹਲ ਮੈਮੋਰੀਅਲ ਟਰਸਟ (ਯੂ ਕੇ)

Vagdey Pani Da Sangeet
Poetry

Published By :

S. Karnail Singh Sohal Memorial Trust
51 Parkstone Avenue, Emerson Park, Hornchurch, Essex,
UK RM11 3LN
Tel: +447779082529. Email: kpsohal@aol.com

Editors :
Surinder Rampuri
Jasvir Jhaj

Title :
Janmeja Johl
98159-45018

2015

ਸਮਰਪਣ

ਪੰਜਾਬੀ ਦੀਆਂ ਸਮੂਹ ਸਾਹਿਤ ਸਭਾਵਾਂ ਦੇ ਨਾਂ
ਜਿੰਨਾਂ ਪਿੰਡਾਂ ਤੱਕ ਸਾਹਿਤਕ-ਲਹਿਰ ਨੂੰ ਹੁਲਾਰਾ ਦਿੱਤਾ
ਅਤੇ
ਨਵੀਆਂ ਕਲਮਾਂ ਦੀ ਅਗਵਾਈ ਕੀਤੀ

ਸ਼ਬਦ, ਗਿਆਨ ਅਤੇ ਵਿਚਾਰ ਦੇ ਆਦਾਨ-ਪ੍ਰਦਾਨ ਦਾ ਇਕਾਹਠ ਵਰ੍ਹੇ ਲੰਮਾ ਸਫਰ

ਪੰਜਾਬੀ ਲਿਖਾਰੀ ਸਭਾ ਰਾਮਪੁਰ (ਰਜਿ.) ਪਿਛਲੇ ਇਕਾਹਠ ਵਰ੍ਹਿਆਂ ਤੋਂ ਸਾਹਿਤਕ ਸਰਗਰਮੀਆਂ ਨਾਲ਼ ਜੁੜੀ ਹੋਈ ਹੈ। ਸਭਾ ਦੀ ਸਥਾਪਨਾ **7** ਅਗਸਤ **1953** ਨੂੰ ਹੋਈ ਸੀ। ਉਸ ਸਮੇਂ ਇਸ ਦਾ ਨਾਂ 'ਲਿਖਾਰੀ ਸਭਾ ਰਾਮਪੁਰ' ਰੱਖਿਆ ਗਿਆ ਸੀ। **2** ਜਨਵਰੀ **1955** ਨੂੰ ਹੋਈ ਮੀਟਿੰਗ ਵਿਚ ਸਭਾ ਦਾ ਨਾਂ ਬਦਲ ਕੇ **'ਪੰਜਾਬੀ ਲਿਖਾਰੀ ਸਭਾ ਰਾਮਪੁਰ'** ਕਰ ਦਿੱਤਾ ਗਿਆ।

ਪੰਜਾਬੀ ਲਿਖਾਰੀ ਸਭਾ ਰਾਮਪੁਰ, ਲੋਕ ਲਿਖਾਰੀ ਸਭਾ ਅੰਮ੍ਰਿਤਸਰ ਅਤੇ ਪੰਜਾਬੀ ਲੇਖਕ ਸਭਾ ਜਲੰਧਰ ਦੀਆਂ ਗਤੀਵਿਧੀਆਂ ਤੋਂ ਪ੍ਰਭਾਵਤ ਹੋ ਕੇ ਗਿਆਨੀ ਹੀਰਾ ਸਿੰਘ ਦਰਦ ਅਤੇ ਉਨ੍ਹਾਂ ਦੇ ਸਾਥੀਆਂ ਨੇ 'ਕੇਂਦਰੀ ਪੰਜਾਬੀ ਲੇਖਕ ਸਭਾ' ਦੀ ਸਥਾਪਨਾ ਕੀਤੀ, ਜਿਸ ਨੇ ਪੰਜਾਬੀ ਸਾਹਿਤ ਸਭਾਵਾਂ ਨੂੰ ਇੱਕ ਲੜੀ ਵਿਚ ਪਰੋ ਕੇ ਰੱਖਿਆ ਹੋਇਆ ਹੈ। 'ਕੇਂਦਰੀ ਪੰਜਾਬੀ ਲੇਖਕ ਸਭਾ' ਵਿੱਚ ਉਤਰਾਅ-ਚੜ੍ਹਾਅ ਵੀ ਆਏ ਪਰ 'ਪੰਜਾਬੀ ਲਿਖਾਰੀ ਸਭਾ ਰਾਮਪੁਰ' ਆਪਣੇ ਮੂਲ ਨਾਲ਼ ਜੁੜੀ ਰਹੀ।

ਸੁਰਜੀਤ ਰਾਮਪੁਰੀ, ਸੁਰਿੰਦਰ ਰਾਮਪੁਰੀ, ਸੁਖਮਿੰਦਰ ਰਾਮਪੁਰੀ 'ਕੇਂਦਰੀ ਪੰਜਾਬੀ ਲੇਖਕ ਸਭਾ' ਦੇ ਅਹੁੱਦੇਦਾਰ ਰਹੇ ਹਨ, ਜਸਵੀਰ ਝੱਜ ਇਸ ਸਮੇਂ ਵੀ ਮੀਤ ਪ੍ਰਧਾਨ ਹਨ।

ਪਹਿਲਾਂ ਸਭਾ ਦੀ ਮੀਟਿੰਗ ਹਰ ਪੰਦਰਵਾੜੇ ਹੁੰਦੀ ਸੀ। ਬਾਅਦ ਵਿੱਚ ਮਹੀਨਾ-ਵਾਰ ਮੀਟਿੰਗਾਂ ਦਾ ਸਿਲਸਿਲਾ ਅਰੰਭ ਹੋਇਆ। ਸਭਾ ਵਿੱਚ ਆਏ ਸੰਕਟਾਂ ਕਾਰਨ ਕੁੱਝ ਸਮਾਂ ਸਰਗਰਮੀਆਂ ਵਿੱਚ ਖੜੋਤ ਵੀ ਆਈ ਪੰਤੂ **1981** ਤੋਂ ਲਗਾਤਾਰ ਹਰ ਮਹੀਨੇ ਦੇ ਪਹਿਲੇ ਐਤਵਾਰ ਹੋਣ ਵਾਲ਼ੀ ਮੀਟਿੰਗ ਦਾ ਨਾਗਾ ਨਹੀਂ ਪਿਆ।

ਸਭਾ ਵਿੱਚ ਸਾਡੇ ਵਡੇਰਿਆਂ ਨੇ ਇੱਕ ਪ੍ਰੰਪਰਾ ਬਣਾਈ ਸੀ, ਜਿਸ ਅਧੀਨ ਸਭਾ ਦੇ ਡਾਕ-ਮੈਂਬਰ ਬਣਾਏ ਜਾਂਦੇ ਸਨ। ਡਾਕ-ਮੈਂਬਰ ਆਪਣੀ ਰਚਨਾ ਡਾਕ ਰਾਹੀਂ ਭੇਜਦੇ ਸਨ। ਸਭਾ ਵਿੱਚ ਵਿਚਾਰ-ਵਟਾਂਦਰੇ ਤੋਂ ਬਾਅਦ ਟਿੱਪਣੀਆਂ, ਉਸ ਮੈਂਬਰ ਨੂੰ ਭੇਜੀਆਂ ਜਾਂਦੀਆਂ ਸਨ। ਵਾਪਸੀ ਡਾਕ ਦਾ ਖ਼ਰਚਾ ਸਭਾ ਆਪਣੇ ਕੋਲ਼ੋਂ ਕਰਦੀ ਸੀ। ਸਭਾ ਦੀ ਸਾਲਾਨਾ ਚੋਣ ਸਮੇਂ ਡਾਕ-ਮੈਂਬਰਾਂ ਦੇ ਪ੍ਰਤੀਨਿਧਾਂ ਨੂੰ ਕਾਰਕਾਰਨੀ ਵਿੱਚ ਸ਼ਾਮਲ ਕੀਤਾ

ਜਾਂਦਾ ਸੀ। ਡਾ. ਆਤਮ ਹਮਰਾਹੀ ਨੇ ਲਿਖਿਆ ਹੈ ਕਿ ਜੇ ਰਾਮਪੁਰ ਦੀ ਸਭਾ ਨੇ ਡਾਕ-ਮੈਂਬਰਾਂ ਦੀ ਪਿਰਤ ਨਾ ਪਾਈ ਹੁੰਦੀ ਤਾਂ ਸ਼ਾਇਦ ਓਹ ਲੇਖਕ ਨਾ ਬਣ ਸਕਦਾ। ਰੋਹਤਕ ਸਮੇਤ ਪੰਜਾਬ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਰਹਿੰਦੇ ਲੇਖਕਾਂ ਤੋਂ ਇਲਾਵਾ ਰੂਸ ਤੋਂ ਨਿਤਾਸ਼ਾ ਤਾਲਸਤਾਏ ਪੰਜਾਬੀ ਲਿਖਾਰੀ ਸਭਾ ਰਾਮਪੁਰ ਦੇ ਡਾਕ-ਮੈਂਬਰ ਬਣੇ। ਸਭਾ ਨੂੰ ਇਸ ਗੱਲ ਦਾ ਮਾਣ ਹੈ ਕਿ ਇਸ ਦੀ ਸ਼ਾਖ਼ਾ ਵਿਦੇਸ਼ਾਂ ਤੱਕ ਫੈਲੀ।

ਇਸ ਤੋਂ ਇਲਾਵਾ ਸਭਾ ਨੇ ਹੋਰ ਵੀ ਨਵੀਆਂ ਪਿਰਤਾਂ ਪਾਈਆਂ। ਇਸ ਸਭਾ ਨੇ ਆਪਣਾ ਲਿਖਤੀ ਸੰਵਿਧਾਨ ਬਣਾਇਆ। ਗੋਸ਼ਟੀਆਂ ਅਤੇ ਸਮਾਗਮ ਕਰਨੇ ਆਰੰਭ ਕੀਤੇ। ਸਭਾ ਦੇ ਮੈਂਬਰਾਂ ਦੀਆਂ ਪੁਸਤਕਾਂ ਪ੍ਰਕਾਸ਼ਿਤ ਕਰਨ ਦੀ ਪਿਰਤ ਪਾਈ। ਲੇਖਕਾਂ ਨੂੰ ਸਨਮਾਨ ਦੇਣੇ ਸ਼ੁਰੂ ਕੀਤੇ। ਆਪਣੇ ਦਫਤਰ ਅਤੇ ਲਾਇਬੇਰੀ ਦੀ ਇਮਾਰਤ ਬਣਾਈ। ਇਹ ਸਭ ਕੁੱਝ ਸਭਾ ਦੇ ਸਮੁੱਚੇ ਮੈਂਬਰਾਂ ਦੇ ਸਹਿਯੋਗ ਸਦਕਾ ਹੀ ਸੰਭਵ ਹੋ ਸਕਿਆ ਹੈ।

ਉਪ੍ਰੋਕਤ ਕਾਰਜਾਂ ਅਤੇ ਸਰਗਰਮੀਆਂ ਨੂੰ ਮੁੱਖ ਰੱਖਦਿਆਂ **23** ਫਰਵਰੀ **2003** ਨੂੰ ਪੰਜਾਬੀ ਸੱਥ ਲਾਂਬੜਾ ਵੱਲੋਂ ਇਸ ਸਭਾ ਦਾ ਸਨਮਾਨ ਕੀਤਾ ਗਿਆ।

ਕਵਿਤਾ ਦਾ ਜਨਮ ਮਨੁੱਖ ਦੇ ਨਾਲ ਹੀ ਹੋਇਆ। ਕਵਿਤਾ ਮਨੁੱਖ ਦੀ ਜ਼ਿੰਦਗੀ ਹੈ। ਉਸ ਦੇ ਦੁੱਖ-ਸੁੱਖ ਵੰਡਾਉਂਦੀ ਹੈ। ਮਨੁੱਖ ਮਰ ਜਾਂਦਾ ਹੈ, ਕਵਿਤਾ ਜਿਉਂਦੀ ਰਹਿੰਦੀ ਹੈ। 'ਪੰਜਾਬੀ ਲਿਖਾਰੀ ਸਭਾ ਰਾਮਪੁਰ' ਦੇ ਲੇਖਕਾਂ ਦੀ ਮੁੱਖ ਸੁਰ ਮਾਨਵ-ਵਾਦੀ ਅਤੇ ਪ੍ਰਗਤੀਵਾਦੀ ਰਹੀ ਹੈ। ਇਹ ਪੁਸਤਕ ਸਭਾ ਦੇ ਮੈਂਬਰਾਂ ਦੀ ਚੌਥੀ ਕਾਵਿ ਪੁਸਤਕ ਹੈ। ਇੰਨ੍ਹਾਂ ਚਾਰੇ ਪੁਸਤਕਾਂ ਦੀ ਸਾਰੀ ਕਵਿਤਾ ਮਨੁੱਖ ਦੇ ਦੁੱਖਾਂ-ਸੁੱਖਾਂ ਅਤੇ ਜ਼ਿੰਦਗੀ ਨਾਲ ਜੁੜੀ ਹੋਈ ਹੈ।

ਸਭਾ ਵਿੱਚ ਪਿਛਲੇ ਇਕਾਹਠ ਵਰ੍ਹਿਆਂ ਤੋਂ ਕਲਮਾਂ ਜੁੜਦੀਆਂ ਆ ਰਹੀਆਂ ਹਨ। ਲੇਖਕਾਂ ਦੀ ਮਹਿਫ਼ਲ ਲੱਗਦੀ ਹੈ। ਇਸ ਪੁਸਤਕ ਵਿੱਚ ਇਸ ਸਮੇਂ ਸਭਾ ਦੀਆਂ ਸਰਗਰਮੀਆਂ ਨਾਲ ਜੁੜੇ ਲੇਖਕ ਮੈਂਬਰਾਂ ਦੀਆਂ ਰਚਨਾਵਾਂ ਸ਼ਾਮਲ ਹਨ। ਸਾਰਿਆਂ ਦਾ ਆਪੋ-ਆਪਣਾ ਰੰਗ ਹੈ। ਇੰਨ੍ਹਾਂ ਕਲਮਾਂ ਵਿੱਚ ਨਦੀ ਬਣ ਵਗਦੇ ਪਾਣੀ ਵਰਗਾ ਸੰਗੀਤ ਹੈ। ਇਹ ਕਲਮਾਂ ਇਸੇ ਤਰ੍ਹਾਂ ਸੰਗੀਤ ਦਿੰਦੀਆਂ ਰਹਿਣ। ਇਸੇ ਆਸ ਨਾਲ.. .. ..

ਸੁਰਿੰਦਰ ਰਾਮਪੁਰੀ (ਪ੍ਰਧਾਨ) **ਜਸਵੀਰ ਝੱਜ** (ਜਨਰਲ ਸਕੱਤਰ)

20 ਦਸੰਬਰ **2014**

ਦੁਆ



ਸ. ਕਰਨੈਲ ਸਿੰਘ ਸੋਹਲ ਜੀ ਦਾ ਜਨਮ ਦੁਆਬੇ ਦੇ ਪਿੰਡ ਸੋਹਲ ਜਗੀਰ ਵਿਖੇ **1918** ਵਿਚ ਹੋਇਆ । ਉਸ ਸਮੇਂ ਦੇ ਉਹ ਦਸਵੀਂ ਪਾਸ ਸਨ । ਜਦੀ ਪੁਸ਼ਤੀ ਨੰਬਰਦਾਰੀ ਦੇ ਨਾਲ ਉਹ ਪਿੰਡ ਦੇ ਸਰਪੰਚ ਵੀ ਰਹੇ ਅਤੇ ਇਲਾਕੇ ਵਿਚ ਰਾਜਨੀਤਕ ਰਸੂਖ ਰਖਦੇ ਸਨ । ਇਲਾਕੇ ਦੇ ਕਈ ਸਕੂਲਾਂ ਅਤੇ ਹਸਪਤਾਲਾਂ ਦੀ ਦਿਲ ਖੋਹਲ ਕੇ ਮਦਦ ਕਰਦੇ ਸਨ, ਲੋੜਵੰਦ ਬਚੀਆਂ ਦੇ ਵਿਆਹ ਵੀ ਕਰਦੇ ਸਨ, ਪਰ ਸਭ ਤੋਂ ਵਧੀਆ ਗਲ ਸੀ ਕਿ ਕਿਤਾਬਾਂ ਪੜ੍ਹਨ ਨਾਲ ਉਹਨਾਂ ਨੂੰ ਅੰਤਾਂ ਦਾ ਮੋਹ ਸੀ, ਘਰ ਇਕ ਲਾਇਬਰੇਰੀ ਦੇ ਸਮਾਨ ਸੀ । ਇਸੇ ਲਈ ਪੂਰੇ ਪਰਿਵਾਰ ਨੇ ਉਹਨਾਂ ਦੀ ਯਾਦ ਵਿਚ ਟਰਸਟ ਬਣਾ ਕਿ ਹਰ ਸਾਲ ਸਾਹਿਤਕ ਕਾਰਜ ਕਰਨ ਦਾ ਫੈਸਲਾ ਕੀਤਾ ਹੈ, ਲੋੜਵੰਦ ਲੇਖਕਾਂ ਦੀਆਂ ਚੰਗੀਆਂ ਕਿਤਾਬਾਂ ਵੀ ਛਾਪੀਆਂ ਜਾਣਗੀਆਂ ਤੇ ਸਾਹਿਤ ਨਾਲ ਸਬੰਧਤ ਕਾਰਜ ਕੀਤੇ ਜਾਣਗੇ। ਇਸੇ ਲੜੀ ਅਧੀਨ ਪੰਜਾਬੀ ਲਿਖਾਰੀ ਸਭਾ, ਰਾਮਪੁਰ ਦੀ ਕਿਤਾਬ ਛਾਪਣ ਦੀ ਖੁਸ਼ੀ ਲੈ ਰਹੇ ਹਾਂ

ਸਰਦਾਰ ਕਰਨੈਲ ਸਿੰਘ ਸੋਹਲ ਮੈਮੋਰੀਅਲ ਟਰਸਟ (ਯੂ ਕੇ)

ਟਰਸਟੀ : ਕ੍ਰਿਸ਼ਨ ਪ੍ਰਕਾਸ਼ ਸੋਹਲ, ਬਲਦੇਵ ਕ੍ਰਿਸ਼ਨ ਸੋਹਲ, ਸਰਬਜੀਤ ਉਪਲ, ਪ੍ਰਕਾਸ਼ ਕੌਰ ਸਮਰਾਏ, ਪੈਮ ਧਾਲੀਵਾਲ

ਤਰਤੀਬ

3 ਸਮਰਪਣ
4 ਸ਼ਬਦ, ਗਿਆਨ ਅਤੇ ਵਿਚਾਰ ਦੇ ਆਦਾਨ-ਪ੍ਰਦਾਨ ਦਾ ਲੰਮਾ ਸਫਰ
6 ਦੁਆ
9 ਅਮਰ ਸਿੰਘ ਅਲੂਣਾ
9 ਕਵੀ ਦਰਸ਼ਨ
9 ਜ਼ੁਲਮੀ ਰਾਤਾਂ ਦਿਨ ਡਰਾਉਣੇ
11 ਗੀਤ
12 ਕੁਰਾਹ
13 ਰੱਬ ਖੈਰ ਕਰੇ
14 ਅਵਤਾਰ ਸਿੰਘ ਧਮੋਟ
14 ਸਾਉਣ
15 ਬਰਸਾਤ
15 ਦੰਭ
16 ਗਰੂਰ ਟੁੱਟਣ ਮਗਰੋਂ
16 ਜੰਗਲ
17 ਸੁਖਮਿੰਦਰ ਰਾਮਪੁਰੀ
17 ਗੀਤ
18 ਮੈਂ ਗੀਤਾਂ ਦੀ ਗਠੜੀ ਚੁੱਕੀ
20 ਮੈਂ ਅਨਾਵਾਂ ਖ਼ਤ ਨਹੀਂ ਹਾਂ
22 ਸੀਮਿਤ/ਅਸੀਮਿਤ ਸਫਰ
25 ਅੰਤਰਮੁਖੀ/ਬਾਹਰਮੁਖੀ
29 ਸੁਰਿੰਦਰ ਰਾਮਪੁਰੀ
29 ਕਰਜ਼ਦਾਰ
30 ਤੁਰਦੀ ਰਹੀਂ
31 ਜੰਗ ਲੜਨੀ ਹੀ ਪੈਂਦੀ ਹੈ।
32 ਜ਼ਿੰਦਗੀ
34 ਨ੍ਹੇਰੇ ਸਮਿਆਂ ਵਿਚ
36 ਡਾ ਸੰਦੀਪ ਸ਼ਰਮਾ
36 ਦੁਬਿਧਾ
36 ਭਰਿਆ ਭਰਿਆ ਖਾਲੀ
37 ਗ਼ੈਰ ਹਾਜ਼ਰ ਮੈਂ
38 ਅੱਗ ਦੀ ਨਦੀ
39 ਜੰਗ
41 ਸਵਰਨ ਪੱਲ੍ਹਾ
41 ਗੀਤ
46 ਸੁਰਜੀਤ ਨੀਲੋਂ
46 ਦਰਦ ਬਾਝੋਂ
46 ਜਜ਼ਬਾਤ
47 ਏਸ ਮੁਹੱਬਤ ਨੇ
48 ਹਰਬੰਸ ਸਿੰਘ ਰਾਏ
48 ਪੈਸਾ
49 ਅਖੌਤੀ ਬਾਬੇ
50 ਵਿਆਹ ਮੁਕਲਾਵੇ
51 ਗਜ਼ਲ
52 ਹਰਪ੍ਰੀਤ ਰਾਮਪੁਰ
52 ਗਜ਼ਲ਼
55 ਹਰਬੰਸ ਮਾਲਵਾ
55 ਸਵਾਗਤ ਨਵ-ਜਨਮੀ ਧੀ ਦਾ
55 ਗੀਤ ਲਿਖਣਾ ਹੈ
56 ਪਾਬੰਦੀਆਂ
57 ਵੇ ਕਿਤੇ!
58 ਮੈ ਅੱਜ
60 ਹਰਨੇਕ ਰਾਮਪੁਰੀ
60 ਗੀਤ
62 ਊਰਜਾ
62 ਤੌਖ਼ਲਾ
64 ਹਿਮ-ਆਂਚਲ
65 ਹਰਜਿੰਦਰ ਸਿੰਘ ਲਾਲ ਫਿਰੋਜ਼ਪੁਰੀ
65 ਗ਼ਜ਼ਲ਼
67 ਕਮਲਜੀਤ ਮਾਂਗਟ
67 ਗ਼ਜ਼ਲ
68 ਕਵਿਤਾ-ਹਵਾ ਦਾ ਬੁੱਲਾ
70 ਮਿੱਠੀਆਂ ਯਾਦਾਂ ...
72 ਕ੍ਰਿਪਾਲ ਸਿੰਘ ਖੁਡਾਣੀ
72 ਗੀਤ
72 ਮਿੱਠੀਆਂ ਯਾਦਾਂ
73 ਪਿਆਰ
73 ਹਿੰਮਤ ਦਾ ਪਾਠ
74 ਗਗਨ ਦੀਪ ਸ਼ਰਮਾ
74 ਇੱਕਲਾ ਨਹੀਂ ਹੁੰਦਾ ਬੰਦਾ
76 ਮਿਲਦੀ ਗਿਲਦੀ ਰਹੀਂ
78 ਸੁੱਤਾ ਪਿਆ ਹੈ ਮਹਾਂਨਗਰ
80 ਗ਼ਜ਼ਲ
82 ਗੁਰਦਿਆਲ ਦਲਾਲ
82 ਗ਼ਜ਼ਲ

86 ਗੁਰਵਿੰਦਰ ਸਵੈਚ
86 ਗ਼ਜ਼ਲ
91 ਗੁਰਮੇਲ ਬੀਜਾ
91 ਗੀਤ
99 ਜਸਵੀਰ ਝੱਜ
99 ਗੀਤ
102 ਗਜ਼ਲ
105 ਜਗਜੀਤ ਸਿੰਘ ਗੁਰਮ
105 ਸਰਘੀ ਦਾ ਸਿਰਨਾਵਾਂ
106 ਗੀਤ
108 ਤੀਆਂ ਤੇ ਧੀਆਂ
111 ਜਗਦੀਸ਼ ਨੀਲੋਂ
111 ਗਜ਼ਲ
115 ਜਗਦੇਵ ਖੰਨਾ
115 ਇੱਛਾ
116 ਜਨਮੇਜਾ ਸਿੰਘ ਜੌਹਲ
116 ਫ਼ੈਸਲਾ
118 ਚੁੱਪ
119 ਨਾਤਾ
120 ਅਵਾਜ਼
120 ਅਲਵਿਦਾ
122 ਜਰਨੈਲ ਸਿੰਘ ਮਾਂਗਟ
122 ਰਿਸ਼ਤੇ
122 ਜ਼ਮੀਰ
123 ਦਰਦ
124 ਲੁੱਟ
125 ਯਾਦ
126 ਹੰਝੂ
127 ਦੀਦਾਰ ਸਿੰਘ ਦੀਦਾਰ
127 ਮੁੰਡੇ ਕੁੜੀ 'ਚ ਫਰਕ ਨਾ ਕੋਈ
128 ਬੋਲਣ ਨਹੀਂ ਜਾ ਓ ਯਾਰ
128 ਗ਼ਜ਼ਲ
131 ਦੀਪ ਦਿਲਬਰ
131 ਕਿਤਾਬਾਂ
132 ਜ਼ਿੰਦਗੀ
133 ਸ਼ਾਇਰ ਲੋਕਾਂ ਦਾ
133 ਧਰਤੀ ਨਾ ਭੁੱਲ ਹਾਣੀਆਂ
135 ਦਰਸ਼ਨ ਸਿੰਘ ਗਿੱਲ
135 ਪੰਜਾਬੀ ਮਾਂ ਬੋਲੀ
136 ਸੱਥਾਂ ਢਾਣੀਆਂ ਦੀ ਗੱਲ
137 ਨੌਕਰ ਦੀ ਲੋੜ ਹੈ
138 ਬਜ਼ੁਰਗਾਂ ਨੂੰ ਧੱਕੇ
139 ਯਾਦਾਂ
141 ਦਲਬੀਰ ਕਲੇਰ
141 ਗੀਤ
146 ਨੌਬੀ ਸੋਹਲ
146 ਗ਼ਜ਼ਲ
151 ਪ੍ਰੀਤ ਸੰਦਲ 'ਮਕਸੂਦੜਾ'
151 ਹੱਥਾਂ ਦੇ ਅੱਟਣ
152 ਮਰਨਾ ਤਾਂ ਹੱਲ ਨਹੀਂ
153 ਵੇਲਾ ਲੰਘਿਆ
154 ਆਸ਼ਕ ਜ਼ਿੰਦਗੀ ਦੇ
155 ਮੇਰੇ ਦਿਲ ਦੀਏ ਮਹਿਰਮੇਂ
156 ਨੇਤਰ ਸਿੰਘ
156 ਤੁਰਿਆ ਚੱਲ
158 ਕਵਿਤਾ, ਸ਼ੈਤਾਨ
159 ਕਵਿਤਾ
161 ਪਰਮਜੀਤ ਸਿਹੌੜਾ
161 ਲਾਲ ਝੰਡਾ
161 ਆਜ਼ਾਦੀ
162 ਜ਼ੁਕਤ
163 ਕਿਰਤ
163 ਮੁੰਡੀ
163 ਪੱਤਝੜ
164 ਬਾਬੂ ਸਿੰਘ ਚੌਹਾਨ
164 ਗੀਤ
165 ਤਿਤਲੀ
167 ਗੀਤ
169 ਮਾਂ
171 ਮਨ ਦੀ ਬਸਤੀ
172 ਬਦਲੇਵ ਸਿੰਘ ਝੱਜ
172 ਪ੍ਰਦੂਸ਼ਣ
173 ਦੀਦਾਰ ਦੀ ਤਾਂਘ
174 ਨੂੰਹ ਧੀ ਤੇ ਸੱਸ
175 ਪ੍ਰਦੇਸੀ
177 ਬਲਬੀਰ ਸਾਹਨੇਵਾਲ
181 ਲਾਭ ਸਿੰਘ ਬੇਗੋਵਾਲ
181 ਗ਼ਜ਼ਲ

ਅਮਰ ਸਿੰਘ ਅਲੂਣਾ

ਕਵੀ ਦਰਸ਼ਨ

ਗੀਤਾਂ ਮੈਂ ਤੇਰਿਆਂ ਦੇ ਪਰੋਂਠੇ ਜੀ ਪਕਾਉਨੀ ਆਂ।
ਗ਼ਜ਼ਲਾਂ ਦੀ ਰਿੰਨ੍ਹਦੀ ਹਾਂ ਦਾਲ ਕਵੀ ਜੀ
ਗ਼ਜ਼ਲਾਂ ਦੀ ਰਿੰਨਦੀ ਹਾਂ ਦਾਲ.. .. .. ..

ਦੋਹੇ ਤੇ ਕਬਿੱਤਾ ਵਾਲਾ ਤੜਕਾ ਮੈਂ ਲਾਉਂਗੀ।
ਰਸੋਈ ਮੈਂ ਬਣਾਊਂ ਬਾ-ਕਮਾਲ ਕਵੀ ਜੀ
ਗ਼ਜ਼ਲਾਂ ਦੀ.. .. ..

ਬੀਰ ਤੇ ਸ਼ਿੰਗਾਰ ਰਸ ਭੜਥਾ ਬਣਾਉਂਗੀ ਮੈਂ।
ਸਿਰ ਖਿੰਡੀ ਦਾ ਪਰੋਸੂੰ ਰਾਇਤਾ ਨਾਲ ਕਵੀ ਜੀ
ਚਾਹਵਾਂ ਨਾਲ ਕਰੂੰਗੀ ਰਸੋਈ ਦਿਲ ਖੋਲ੍ਹ ਕੇ ਮੈਂ
ਕੁੰਡਲੀਏ ਸਵੱਈਏ ਮਿੱਠੇ ਨਾਲ ਕਵੀ ਜੀ।

ਕਵੀ ਦਰਬਾਰ ਕਰ ਜੁੰਡਲੀ ਜਦ ਆਊ ਤੇਰੀ
ਪਰੋਸ ਕੇ ਮੈਂ ਧੰਰੂ ਮੁਹਰੇ ਥਾਲ ਕਵੀ ਜੀ।

ਅਮਰ ਅਲੂਣੇ ਵਾਂਗ ਸਦਾ ਹੀ ਮਲੰਗ ਰਿਹੋਂ
ਹੁਣ ਛੱਡ ਦੇ ਤੂੰ ਉਹਦੇ ਵਾਲੀ ਚਾਲ ਕਵੀ ਜੀ।
ਗ਼ਜ਼ਲਾਂ ਦੀ ਮੈਂ ਰਿੰਨਦੀ ਹਾਂ ਦਾਲ ਕਵੀ ਜੀ।

ਜ਼ੁਲਮੀ ਰਾਤਾਂ ਦਿਨ ਡਰਾਉਣੇ

ਲੋਕੋ ਬਈ ਹੁਣ ਨ੍ਹੇਰ ਪੈ ਗਿਆ।
ਆਹੋ ਬਈ ਹੁਣ ਨ੍ਹੇਰ ਪੈ ਗਿਆ।

ਜ਼ੁਲਮੀ ਰਾਤਾਂ ਦਿਨ ਡਰਾਉਣੇ।
ਇਹ ਵੀ ਹੈਸਣ ਅਸੀਂ ਹੰਢਾਉਣੇ।
ਜੰਗਲ ਰਾਜ ਹੈ ਪਸਰਿਆ ਲੋਕੋ।
ਸਿਆਸਤ ਵਾਲਾ ਭੱਠਾ ਬਹਿ ਗਿਆ,
ਆਹੋ ਬਈ ਹੁਣ ਨ੍ਹੇਰ ਪੈ ਗਿਆ।
ਬੇਗੈਰਤਾਂ ਲਾਹੀ ਲੋਈ।
ਧੀ ਭੈਣ ਦੀ ਸਾਂਝ ਨਾ ਕੋਈ।
ਕਤਲੋਂ-ਗਾਰਤ ਲੁੱਟ-ਖਸੁੱਟੀ
ਦਿਲਾਂ ਦਾ ਲੁਟ ਕੇ ਚੈਨ ਲੈ ਗਿਆ,
ਆਹੋ ਬਈ ਹੁਣ ਨ੍ਹੇਰ ਪੈ ਗਿਆ।
ਖੋਟੀ ਨੀਅਤ ਹਾਕਮ ਬਣਦੇ।
ਜ਼ੁਲਮ-ਸਿੱਤਮ ਦਾ ਤਾਣਾ ਤਣਦੇ।
ਦੇਸ਼ ਸੀ ਸਾਡਾ ਦਾਤਾ ਲੋਕੋ।
ਠੁੱਠਾ ਫੜ੍ਹ ਕੇ ਮੰਗਣ ਡਹਿ ਗਿਆ,
ਆਹੋ ਬਈ ਹੁਣ ਨ੍ਹੇਰ ਪੈ ਗਿਆ।
ਕੁਣਵਾ ਪਰਵਰੀ ਅਸਾਧ ਬਿਮਾਰੀ।
ਨੀਤੀ ਬਣ ਗਈ ਇਹ ਸਰਕਾਰੀ।
ਸ਼ਕਲ ਤੋਂ ਸਾਰੇ ਮੋਮਨ ਜਾਪਣ
ਹੱਕ-ਸੱਚ ਹੈ ਥੱਲੇ ਲਹਿ ਗਿਆ।
ਆਹੋ ਬਈ ਹੁਣ ਨ੍ਹੇਰ ਪੈ ਗਿਆ।
ਹੋਸ਼ ਕਰੋ ਕੁਝ ਅਕਲ ਦੁੜਾਓ।
ਲੋਟੂ ਟੋਲੇ ਕੁੱਟ ਭਜਾਓ।
ਦੇਸ਼ ਨੂੰ ਯਾਰੋ ਲੁਟ ਕੇ ਖਾ ਗਏ,
ਸੱਚੀ ਗੱਲ ਹੈ ਅਮਰ ਕਹਿ ਗਿਆ।
ਆਹੋ ਬਈ ਹੁਣ ਨ੍ਹੇਰ ਪੈ ਗਿਆ।

ਗੀਤ

ਪੋਹ ਦਾ ਮਹੀਨਾ ਠੰਡੀ ਰਾਤ ਸੀ ਕਹਿਰ ਵਾਲੀ
ਸੂਲਾਂ ਦਾ ਵਿਛਾਉਣਾ ਪਿਆ ਕਰਕੇ
ਕੌਮ ਦੀ ਉਸਾਰੀ ਸੋਚਦਾ, ਸੋਚਦਾ ਸਿਰਾਣੇ ਟਿੰਡ ਧਰਕੇ
ਵਾਰਕੇ ਤੇ ਪਿਤਾ ਜੀ ਨੂੰ ਕੀਤਾ ਨਾ ਮਲਾਲ ਜੀ
ਦੇਸ਼ ਅਤੇ ਕੌਮ ਉਤੋਂ ਵਾਰੇ ਚਾਰੇ ਲਾਲ ਜੀ

ਮਾਤਾ ਦੀਆਂ ਹੱਡੀਆਂ ਵੀ ਲਾਈਆਂ
ਜੀਨੇ ਕੌਮ ਉੱਤੇ
ਕੌਮ ਤਾਰ ਤੀ ਮਲਾਹ ਜੀਨ੍ਹੇ ਬਣ ਕੇ

ਅੰਮ੍ਰਿਤ ਪਿਲਾ ਕੇ ਜੀਨ੍ਹੇ ਖਾਲਸਾ ਸਜਾ ਲਿਆ
ਸਵਾ ਸਵਾ ਲੱਖ ਨਾਲ ਇਕ ਨੂੰ ਲੜਾ ਲਿਆ

ਅਣਖ ਜਗਾਈ ਜੀਨ੍ਹੇ ਸੁੱਤੀ ਹੋਈ ਕੌਮ ਵਾਲੀ
ਬਾਜ਼ ਚੀਰ ਦਿੱਤੇ ਚਿੜੀਆਂ ਨੇ ਫੜ ਕੇ
ਕੌਮ ਦੀ ਉਸਾਰੀ.. ..।
ਜਰ ਕੇ ਤਸੀਹੇ ਜਿਹੜਾ ਕੌਮ ਨੂੰ ਜਗਾ ਗਿਆ
ਜਿਉਣ ਵਾਲਾ ਰਾਹ ਦੱਸ ਯੁੱਗ ਪਲਟਾ ਗਿਆ

ਗੁਜਰੀ ਦਾ ਲਾਲ ਸੋਹਣਾ ਤੇਗ ਦਾ ਦੁਲਾਰਾ ਸੀ ਉਹ
ਤੇਗ ਬਿਜਲੀ ਦੇ ਵਾਂਗ ਜੀਹਦੀ ਕੜਕੇ
ਕੌਮ ਦੀ ਉਸਾਰੀ.. ..।

ਮਾਛੀਵਾੜੇ ਜੰਗਲਾਂ 'ਚ ਕੱਲਾ ਕਾਰਾ ਪਿਆ ਸੀ
ਹੋ ਗਿਆ ਅਮਰ ਜੀਨ੍ਹੇ ਧਿਆਨ ਧਰ ਲਾਇਆ ਜੀ

ਜ਼ੁਲਮਾਂ ਦੀ ਜੜ੍ਹ, ਪੱਟ ਹੋ ਗਿਆ ਸੁਖਾਲਾ ਜਿਹਾ
ਦਿਲ ਵੈਰੀਆਂ ਦਾ ਧੱਕ ਧੱਕ ਧੜਕੇ
ਕੌਮ ਦੀ ਉਸਾਰੀ.. .. ।

ਕੌਮ ਦੀ ਉਸਾਰੀ ਸੋਚਦਾ ਸੋਚਦਾ ਸਿਰ੍ਹਾਣੇ ਟਿੰਡ ਧਰ ਕੇ
ਪੋਹ ਦਾ ਮਹੀਨਾ ਠੰਢੀ ਰਾਤ ਸੀ ਕਹਿਰ ਵਾਲੀ
ਸੂਲਾਂ ਦਾ ਵਛਾਉਣਾ ਪਿਆ ਕਰਕੇ।

ਕੁਰਾਹ

ਸਮਾਂ ਵਿਖਾਵੇ ਰਾਹ ਬੰਦਾ ਨ੍ਹੀਂ ਸਮਝਦਾ।
ਕੱਲ੍ਹ ਬੀਤਿਆ ਕੱਲ੍ਹ ਗਵਾਹ ਬੰਦਾ ਨਹੀਂ ਸਮਝਦਾ।

ਜ਼ੁਲਮ ਰਬੀਰਾ ਬਣ ਗਿਆ, ਹੋਰ ਵੀ ਸੀਨਾ ਤਣ ਗਿਆ
ਲੋਕੀਂ ਹੋਣ ਤਬਾਹ ਬੰਦਾ ਨ੍ਹੀਂ ਸਮਝਦਾ।
ਹਉਮੈਂ ਹੈ ਸਿਰ ਚੜ੍ਹ ਗਿਆ, ਲੋਭ ਦਾ ਕੀੜਾ ਲੜ ਗਿਆ
ਬੋਲੇ ਅਵਾ-ਤਵਾ ਬੰਦਾ ਨ੍ਹੀਂ ਸਮਝਦਾ।

ਜੁਗੜੇ ਹੀ ਹਨ ਬੀਤ ਗਏ।
ਲਾਰੇ ਵੀ ਬੜੇ ਉਡੀਕ ਲਏ।
ਮਰਜ ਦੀ ਨਾ ਮਿਲੀ ਦਵਾ, ਬੰਦਾ ਨ੍ਹੀ ਸਮਝਦਾ,
ਸਮਾਂ ਵਿਖਾਵੇ ਰਾਹ ਬੰਦਾ ਨ੍ਹੀਂ ਸਮਝਦਾ।

ਹੈ ਸਿਆਣਿਆ ਸਮਝਾਇਆ ਬਹੁਤ।
ਅਮਰ ਜੋਰ ਲਗਾਇਆ ਬਹੁਤ।
ਬਹਿ ਗਿਆ ਅਸਲ ਗਵਾ,

ਬੰਦਾ ਨ੍ਹੀਂ ਸਮਝਦਾ
ਸਮਾਂ ਵਿਖਾਵੇ ਰਾਹ, ਬੰਦਾ ਨ੍ਹੀਂ ਸਮਝਦਾ।

ਰੱਬ ਖੈਰ ਕਰੇ

ਕਾਤਲ ਮਕਤੂਲ ਦੀ ਸ਼ਰਨੀ ਆਏ ਨੇ
ਰੱਬ ਖੈਰ ਕਰੇ
ਵਾਹਵਾ ਰੰਗ ਜਮਾਏ ਨੇ
ਰੱਬ ਖੈਰ ਕਰੇ

ਰੱਬ ਖੈਰ ਕਰੇ
ਜਿੰਦ ਅਮਨ ਦੀ ਬਚ ਜਾਏ ਅਮਰ
ਬਣ ਬੈਠੇ ਹਮਸਾਏ ਨੇ
ਰੱਬ ਖੈਰ ਕਰੇ।

ਅਵਤਾਰ ਸਿੰਘ ਧਮੋਟ

ਸਾਉਣ

ਆਇਆ ਮਹੀਨਾ ਸਾਉਣ
ਅੰਬਰ ਮੇਘ ਘਿਰੇ
ਪੈਲਾਂ ਪਾਵੇ ਮੋਰ
ਪਪੀਹਾ ਚੁੱਪ ਫਿਰੇ

ਹੋਇਆ ਫੌਜੀ ਭਰਤੀ
ਛੁੱਟੀ ਮਿਲਦੀ ਨਾ
ਬਾਝ ਪਿਆਰੇ ਢੋਲ
ਕਲੋਲਾਂ ਕੌਣ ਕਰੇ

ਮਾਹੀ ਗਿਆ ਪ੍ਰਦੇਸ
ਚਿੱਠੀ ਆਵੇ ਨਾ
ਪੈਣ ਕਲੇਜੇ ਹੌਲ
ਧੀਰਜ ਕਿੰਵ ਧਰੇ

ਚਿੱਠੀ ਚੁੰਨੀ ਵੇਖੇ
ਵੱਲ ਸਿਵਿਆਂ ਦੇ
ਤੂੰ ਮੋਇਓ ਇਕ ਵਾਰ
ਅਸੀਂ ਹਾਂ ਰੋਜ਼ ਮਰੇ

ਹੌਕੇ ਭਰਦੀ ਪੌਣ
ਅੱਖੋਂ ਚੋਇਆ ਦਿਲ
ਲਸ਼ਕੇ ਬਿਰਹੀ ਨੈਣ
ਅੰਦਰੋਂ ਖਾਬ ਕਿਰੇ

ਬਰਸਾਤ

ਹਵਾ ਵਗੇ ਸੁਹਾਵਣੀ
ਕਰਦੀ ਸੀਨਾ ਠਾਰ
ਮੋਰ ਬਬੀਹੇ ਕੂਕਦੇ
ਮਿੱਟੀ ਕਰੇ ਪੁਕਾਰ

ਘਿਰ ਘਿਰ ਆਏ ਮੇਘਲੇ
ਗਰਜ਼ੇ ਲਸ਼ਕਾਂ ਮਾਰ
ਔੜਾਂ ਮਾਰੀ ਧਰਤ ਤੇ
ਬਰਸੇ ਮੂਲ਼ਾ ਧਾਰ

ਜਲ ਭੋਇੰ ਦੋਏ ਇਕ ਭਏ
ਮਿਟ ਗਏ ਸਭ ਭੇਦ
ਅੰਗ ਰੰਗਾਂ 'ਚ ਰਚ ਗਏ
ਹੋਏ ਭੇਦ ਅਭੇਦ

ਰੁੱਤ ਫਿਰੀ ਵਣ ਫੱਬਿਆ
ਚੌਂਹੀ ਕੂੰਟ ਬਹਾਰ
ਹਰਿਆਲੀ ਆਈ ਬਾਗ਼ ਵਿਚ
ਖਿੜੀ ਦਿਸੇ ਗੁਲਜਾਰ

ਦੰਭ

ਆਪ ਸਿਰਜੇ ਰੱਬ
ਖੁਦ ਸਹੇੜੇ ਯੱਬ
ਔਥੇ ਵੱਸੇ ਖੁਦਾ
ਦਿੰਦਾ ਫਿਰਾਂ ਹੋਕਾ
ਫੁੱਲਾਂ ਨੂੰ ਨਾ ਤੱਕਿਆ

ਖੁਸ਼ਬੂ ਲੈ ਨਾ ਸਕਿਆ
ਪਰ ਦੱਸਦਾਂ ਫਿਰਾਂ ਬ੍ਰਹਮ
ਲੱਗਾਂ ਕਿਹੜੇ ਕੰਮ

ਗਰੂਰ ਟੁੱਟਣ ਮਗਰੋਂ

ਉਸ ਰੂਹ ਨੂੰ ਖੋਲ੍ਹ
ਜਦ ਦਿਲ ਮੜਿਆ
ਉੱਤੇ ਕਿਤੇ ਮੇਰਾ ਨਾਂ ਨੀ ਸੀ
ਚੌਫ਼ਾਲ ਡਿੱਗਾ ਮੇਰਾ ਵਜ਼ੂਦ
ਔਕਾਤ ਦੀ ਦਹਿਲੀਜ਼ ਉੱਪਰ
ਜੋ ਜਿੰਦਾ ਹੈ ਹੁਣ
ਸਹਿਕਦੀ ਜਾਨ ਲੈਕੇ
ਗ਼ਮ ਦਾ ਪੈਗ਼ਾਮ ਲੈ ਕੇ
ਮੇਰੀ ਨਜ਼ਮ ਅੰਦਰ

ਜੰਗਲ

ਨਾ ਤਿੜ ਘਾਹ, ਨਾ ਤਿਪ ਪਾਣੀ
ਚੌਹੀ ਕੂੰਟ ਦਿਸੇ ਉਜਾੜ
ਤੱਤੀ ਤਪਦੀ ਧੁੱਪ ਤਿਖੇਰੀ
ਕਿਧਰੇ ਨਹੀਂ ਛਾਂ ਵਾਲੀ ਆੜ
ਆਲ਼ਾ ਭੋਲ਼ਾ ਮਿਰਗ ਪਿਆਸਾ
ਤੁਰਿਆ ਬਚਾਵਣ ਜਿਦ ਪ੍ਰਾਣ
ਪੁੱਜਾ ਜਦ ਨਦੀ ਦੇ ਕੰਢੇ
ਪਾਣੀ ਤੇ ਸ਼ੇਰ ਦਾ ਰਾਜ
ਮੌਤ ਦਰ ਮੌਤ ਦਾ ਪਹਿਰਾ
ਪਰ ਨਾ ਛੱਡੇ ਜੀਣ ਦੀ ਆਸ

ਸੁਖਮਿੰਦਰ ਰਾਮਪੁਰੀ

ਗੀਤ

ਜਦੋਂ ਇਹਦੇ ਵਿਚ ਮੇਰਾ,
ਨਿੱਕਾ ਜਿਹਾ ਤਾਰਾ ਸੀ,
ਇਹੀ ਅਸਮਾਨ ਮੇਰਾ,
ਸਾਰੇ ਦਾ ਹੀ ਸਾਰਾ ਸੀ।

ਪਲ ਪਲ ਗਾਉਂਦਾ ਜਦੋਂ,
ਦਿਲ ਨੂੰ ਮਨਾਉਂਦਾ ਜਦੋਂ,
ਪੁੰਨਿਆ ਪੁਕਾਰਦਾ ਸੀ,
ਚਾਨਣੀ ਨਿਹਾਰਦਾ ਸੀ,
ਮੱਸਿਆ ਦੀ ਸੋਚ ਜਦੋਂ,
ਲੈਂਦੀ ਚੰਨ ਨੋਚ ਜਦੋਂ,
ਬਾਹਾਂ ਨਾਲ ਬਾਹਾਂ ਨੂੰ ਸੀ,
ਮਿਲਦਾ ਸਹਾਰਾ ਸੀ, ਜਦੋਂ. . . . . ।

ਉਹਦਾ ਇਕਰਾਰ ਜਦੋਂ,
ਪਲ ਪਲ ਪਿਆਰ ਜਦੋਂ,
ਸੁਪਨੇ ਸਜਾਉਂਦਾ ਸੀ,
ਤੇ ਜੱਗ ਤੋਂ ਲੁਕਾਉਂਦਾ ਸੀ,
ਸਿਤਮਾਂ ਤੋਂ ਡਰਦਾ ਸੀ,
ਪੈਰ ਅੱਗੇ ਧਰਦਾ ਸੀ,
ਪੱਥਰਾਂ ਦੇ ਨਾਲ ਖਹਿੰਦਾ,
ਹੁੰਦਾ ਪਾਰਾ ਪਾਰਾ ਸੀ। ਜਦੋਂ . . . . . ।

ਪੈਰਾਂ 'ਚ ਵਾਟ ਰਹੀ,
ਸੀਨੇ 'ਚ ਤਰਾਟ ਰਹੀ।
ਸਹਿਕਦੇ ਵੀ ਰਹੇ ਅਸੀਂ,
ਮਹਿਕਦੇ ਵੀ ਰਹੇ ਅਸੀਂ।
ਮੋਹ ਦੇ ਸਹਾਰੇ ਅਸੀਂ,
ਸੁੱਖ ਵੀ ਵਿਸਾਰੇ ਅਸੀਂ।
ਸੁੱਖਾਂ ਨਾਲੋਂ ਕਿਤੇ ਵੱਧ,
ਦੁੱਖਾਂ ਦਾ ਸਹਾਰਾ ਸੀ। ਜਦੋਂ . . . . . ।

ਟੁੱਟਦੇ ਵੀ ਜੁੜਦੇ ਵੀ,
ਅੰਬਰਾਂ 'ਚ ਉੱਡਦੇ ਵੀ।
ਧਰਤੀ 'ਤੇ ਤੁਰਦੇ ਸਾਂ,
ਦੋਹੇਂ ਇਕ ਸੁਰ ਦੇ ਸਾਂ।
ਭੰਵਰਾਂ ਦੇ ਨਾਲ ਸਾਡੀ,
ਧੁਰ ਤੋਂ ਲੱਗਦੀ ਸੀ।
ਇਕ ਮਿਕ ਹੋਣਾ ਸਾਡੀ,
ਸੋਚ ਦਾ ਸਿਤਾਰਾ ਸੀ।

ਜਦੋਂ ਇਹਦੇ ਵਿਚ ਮੇਰਾ,
ਨਿੱਕਾ ਜਿਹਾ ਤਾਰਾ ਸੀ,
ਇਹੀ ਅਸਮਾਨ ਮੇਰਾ,
ਸਾਰੇ ਦਾ ਹੀ ਸਾਰਾ ਸੀ।

ਮੈਂ ਗੀਤਾਂ ਦੀ ਗਠੜੀ ਚੁੱਕੀ

ਮੈਂ ਗੀਤਾਂ ਦੀ ਗਠੜੀ ਚੁੱਕੀ,

ਢੇਰ ਚਿਰਾਂ ਦਾ ਤੁਰਿਆ,
ਹੁਣ ਤੱਕ ਪਹੁੰਚ ਨਾ ਪਾਇਆ,
ਤੇਰੇ ਦਰ ਦੀ ਵਾਟ ਨਾ ਮੁੱਕੀ,
ਸਿਰ ਤੇ ਗਠੜੀ ਚੁੱਕੀ।

ਮੈਂ ਅੰਬਰ ਤੋਂ ਮੰਗੇ ਤਾਰੇ,
ਉਸ ਨੇ ਦਿੱਤੇ ਅੱਥਰੂ ਖਾਰੇ,
ਹਰ ਅਥਰੂ ਦਾ ਗੀਤ ਬਣਾ ਲਿਆ,
ਅੱਖਰਾਂ ਦੀ ਥਾਂ ਜੜ ਜੜ ਤਾਰੇ,
ਗੀਤ ਲੋੜਦੇ ਅੰਬਰ ਉੜਨਾ,
ਮੈਂ ਧਰਤੀ ਤੇ ਤੁਰਨਾ।
ਉਹ ਗੱਲ ਨਾ ਸਮਝਣ ਉੱਕੋ।
ਤੇਰੇ ਦਰ ਦੀ ਵਾਟ ਨਾ ਮੁੱਕੀ
ਸਿਰ ਤੇ ਗਠੜੀ ਚੁੱਕੀ।

ਮੈਂ ਤਾਂ ਬੱਸ ਇਕ ਤੈਨੂੰ ਜਾਣਾ,
ਤੇਰਾ ਮਾਣ ਬਥੇਰਾ।
ਇਸ ਮਾਣ ਦਾ ਪੰਧ ਲੰਮੇਰਾ,
ਮਤੇ ਸ਼ਬਦ ਹੋ ਜਾਣ ਪੁਰਾਣੇ
ਅਰਥ ਨਾ ਆਣੇ, ਅਰਥ ਪੁਰਾਣੇ,
ਚਾਵਾਂ ਦੀ ਆਭਾ ਉੜ ਜਾਏ,
ਵਾਸ ਉੜੀ ਤੇ, ਕੀ ਕਰਨੀ ਮੈਂ,
ਇਹ ਜੋ ਖੰਬੜੀ ਸੁੱਕੀ,
ਤੇਰੇ ਦਰ ਦੀ ਵਾਟ ਨਾ ਮੁੱਕੀ,
ਸਿਰ ਤੇ ਗਠੜੀ ਚੁੱਕੀ।

ਇਕ ਗੀਤ ਇਸ ਗੰਢ ਤੋਂ ਕੱਢਾਂ,
ਤੁਰਦਾ ਤੁਰਦਾ ਗਾਵਾਂ,
ਤਨ ਨਹੀਂ ਭਾਇਆ, ਤੈਨੂੰ ਸ਼ਾਇਦ,
ਬੋਲਾਂ ਵਿਚ ਹੀ ਭਾਵਾਂ।

ਆਪ ਨਾ ਪਹੁੰਚਾਂ, ਭਾਵੇਂ ਤੇਰੇ
ਦਰ ਤੱਕ ਗੀਤ ਪਹੁੰਚਾਵਾਂ।
ਕੀਤੇ ਬੋਲ ਪੁਗਾਵਾਂ।
ਸਿਰੜ ਨਾਲ ਤੁਰਦਾ ਹੀ ਜਾਵਾਂ,
ਸੌ ਵਾਰੀ ਸੰਸੇ ਨੇ, ਇੱਛਾ ਟੁੱਕੀ,
ਪਰ ਹਾਲਾਂ ਤੱਕ ਆਸ ਨਾ ਟੁੱਟੀ।

ਮੈਂ ਗੀਤਾਂ ਦੀ ਗਠੜੀ ਚੁੱਕੀ,
ਢੇਰ ਚਿਰਾਂ ਦਾ ਤੁਰਿਆ,
ਹੁਣ ਤੱਕ ਪਹੁੰਚ ਨਾ ਪਾਇਆ,
ਤੇਰੇ ਦਰ ਦੀ ਵਾਟ ਨਾ ਮੁੱਕੀ,
ਸਿਰ ਤੇ ਗਠੜੀ ਚੁੱਕੀ।

ਮੈਂ ਅਨਾਵਾਂ ਖ਼ਤ ਨਹੀਂ ਹਾਂ

ਮੈਂ ਅਨਾਵਾਂ ਖ਼ਤ ਨਹੀਂ ਹਾਂ
ਬਾਲ ਕੇ ਮੱਥੇ ਦਾ ਦੀਵਾ,
ਮੇਰਾ ਸਿਰਨਾਵਾਂ ਪੜ੍ਹੋ।
ਕਿਸ ਥਾਂ ਹੈ ਜਾਣਾ? ਕਿਸ ਲਈ ਹਾਂ?
ਥਾਂ ਸਿਰ ਪਹੁੰਚਾਵਾਂ, ਜਿਸ ਲਈ ਹਾਂ।
ਮੈਂ ਅਨਾਵਾਂ ਖ਼ਤ ਨਹੀਂ ਹਾਂ।

ਮੇਰੇ ਅੱਖਰ ਰੇਡੀਅਮ ਦੇ,
ਰਾਤ ਦੇ ਨ੍ਹੇਰੇ ਵਿਚ ਜਾਗਣ,
ਜ਼ਿੰਦਗੀ ਦੇ ਗੀਤ ਗਾਉਂਦੇ,
ਛਿਣਾਂ ਨੂੰ ਸਦੀਆਂ ਬਣਾਉਂਦੇ,
ਕੁਝ ਪਲਾਂ ਦੀ ਉਮਰ ਨੂੰ,
ਯੁੱਗਾਂ ਦੇ ਸਿਰ 'ਤੇ ਸਜਾਉਂਦੇ,
ਮੈਂ ਅਨਾਵਾਂ ਖ਼ਤ ਨਹੀਂ ਹਾਂ।

ਦਿਨ ਚੜ੍ਹੇ ਤਾਂ ਨਿੱਘ ਬਣਦੇ,
ਧਰਤ ਦੇ ਕਣ ਕਣ 'ਚ ਰਮਦੇ।
ਬੀਜ਼ ਬਣਦੇ, ਉੱਗ ਖਲੋਂਦੇ,
ਫਸਲ ਬਣਦੇ ਲਹਿਲਹਾਉਂਦੇ,
ਜੀਵਨ 'ਤੇ ਹਾਵੀ ਭੁੱਖ ਦੇ, ਹੌਂਕੇ ਚੁਰਾਉਂਦੇ,
ਧਰਤੀਆਂ ਨੂੰ ਭਾਗ ਲਾਉਂਦੇ।
ਮੈਂ ਅਨਾਵਾਂ ਖ਼ਤ ਨਹੀਂ ਹਾਂ।

ਮੇਰੀ ਮਿੱਟੀ ਦੇ ਇਹ ਅਖ਼ਰ,
ਜਦ ਕਿਸੇ ਦੇ ਹੱਥ ਦਾ ਨੇ ਗੀਤ ਬਣਦੇ।
ਘਰ ਜਿਹਾ, ਸਿਰ ਢਕਣ ਦਾ ਇਕ ਮੀਤ ਬਣਦੇ।
ਨਿੱਘ ਦੀ ਲੋਰੀ ਸੁਣਾਉਂਦੇ,
ਯੁਗ ਦੀ ਠਾਰੀ ਸੁਲਾਉਂਦੇ।
ਮੈਂ ਅਨਾਵਾਂ ਖ਼ਤ ਨਹੀਂ ਹਾਂ।
ਮੇਰੇ ਅਖ਼ਰ ਤੰਦ ਬੁਣਦੇ,
ਤੰਦ ਬਣ, ਓੜਨ ਬਣਾਉਂਦੇ।
ਧਰਤ ਦੇ ਅੰਗਾਂ ਨੂੰ ਢਕਦੇ,
ਧੁੱਪ ਦੇ ਬਸਤਰ ਸਿਲਾਉਂਦੇ,

ਨਗਨ ਧਰਤਾਂ ਨੂੰ ਸਜਾਉਦੇ,
ਧਰਤ ਦੇ ਮੱਥੇ 'ਤੇ ਲੱਗਿਆ,
ਇਹ ਕਲੰਕਿਤ ਸ਼ਬਦ ਢਾਹੁੰਦੇ।
ਮੈਂ ਅਨਾਵਾਂ ਖ਼ਤ ਨਹੀਂ ਹਾਂ।

ਜਿਥੇ ਜਿਥੇ ਲੋਕ ਵੱਸਦੇ,
ਜਿਥੇ ਜਿਥੇ ਕਿਰਤ ਭੁੱਖੀ,
ਜਿਥੇ ਜਿਥੇ ਨਗਨ ਧਰਤਾਂ,
ਸ਼ਬਦ ਦੇ ਕੰਢੇ ਠਰਨ।
ਤੇ ਉਨ੍ਹਾਂ ਨੂੰ ਯੁੱਗ ਦੇ,
ਮਸਕਰੀ ਮੌਸਮ ਕਰਨ।
ਮੈਂ ਉਨ੍ਹਾਂ ਦੇ ਲਈ ਹਾਂ,
ਮੈਨੂੰ ਉਸ ਥਾਂ 'ਤੇ ਪਹੁੰਚਾਉ,
ਮੈਂ ਅਨਾਵਾਂ ਖ਼ਤ ਨਹੀਂ ਹਾਂ।
ਮੈਂ ਅਨਾਵਾਂ ਖ਼ਤ ਨਹੀਂ ਹਾਂ।

ਸੀਮਿਤ/ਅਸੀਮਿਤ ਸਫਰ

ਮੇਰੀ ਰੋਟੀ ਦਾ ਸਫਰ ਸੀਮਿਤ ਜਿਹਾ,
ਵਾਹਨ ਦੇ ਰੂਟ ਵਾਂਗ।
ਸੀਮਾਂ 'ਚ ਰਹਿ ਕੇ ਸੂਟ ਵਟਣਾਂ, ਠਹਿਰ ਜਾਣਾ।
ਦਰਦ ਲਾਹੁਣੇ, ਗਮ ਚੜ੍ਹਾਉਣੇ ਤੇ ਹੰਢਾਣਾ।
ਮੇਰੇ ਲਈ ਇਹ ਨਵਾਂ ਨਾ,
ਬਾਲ ਵਾਂਗੂੰ ਕੰਧ ਛੂਹਣਾ,
ਦਾਈ ਲਗਾਣਾ,
ਵਾਦੀਆਂ ਚੜਨਾ, ਕਰਾਹੁਣਾ, ਸਹਿਲ ਜਾਣਾ।
ਮੇਰੇ ਲਈ ਇਹ ਨਵਾਂ ਨਾ,

ਰੂਟ ਦੀ ਸੀਮਾਂ ਤੇ ਜਾਣਾ, ਪਰਤ ਆਣਾ।
ਮੇਰੀ ਰੋਟੀ ਦਾ ਸਫ਼ਰ ਸੀਮਿਤ ਜਿਹਾ,
ਵਾਹਨ ਦੇ ਰੂਟ ਵਾਂਗ।

ਸਫ਼ਰ ਦੀ ਸੀਮਾਂ ਤਾਂ ਹੈ,
ਸੀਮਾਂ ਦੇ ਵਿਚ ਹੀ ਭਟਕਣਾ ਦਾ,
ਦਰਦ ਦਾ,
ਕਿਹੜਾ ਠਿਕਾਣਾ?
ਨਵ-ਚੜ੍ਹੇ ਜਾ ਅਸਤ ਸੂਰਜ,
ਸੋਚ ਦੀ ਗੋਦੀ ਖਿਡਾਣਾ।
ਅਲਪ ਮੁਸਕਾਣਾ ਤੇ ਲੰਬੇ,
ਹੌਂਕਿਆਂ ਦੀ ਜੂਨ ਪਾਣਾ।
ਰੂਟ ਦੀ ਸੀਮਾਂ ਤਾਂ ਹੈ, ਪਰ
ਦਰਦ ਦੀ ਕਿਹੜੀ ਹੈ ਸੀਮਾਂ?
ਸੂਲ ਦਾ ਕਿਹੜਾ ਠਿਕਾਣਾ??

ਰੂਟ ਦੀ ਸੀਮਾਂ ਦੇ ਵਿਚ ਧੁੱਪਾਂ ਵੀ ਨੇ,
ਛਾਵਾਂ ਵੀ ਨੇ।
ਹਾਦਸੇ ਹੋਏ ਨੇ ਜਿੱਥੇ,
ਅਣਗਿਣਤ ਥਾਵਾਂ ਵੀ ਨੇ,
ਚੜ੍ਹਦੀਆਂ ਜੰਞਾ ਦੇ ਪਿੱਛੇ,
ਚਿਣੀਆਂ ਚਿਤਾਵਾਂ ਵੀ ਨੇ,
ਸੁਲਘਦੇ ਫੇਰੇ ਵੀ ਨੇ, ਤੇ
ਧੁੱਖਦੀਆਂ ਲਾਵਾਂ ਵੀ ਨੇ।
ਰੋਂਦੀਆਂ ਧੀਆਂ ਵੀ ਨੇ, ਤੇ
ਰੋਂਦੀਆਂ ਮਾਵਾਂ ਵੀ ਨੇ।

ਰਮਣੀਕ ਦਿਸਦੀਆਂ ਵਾਦੀਆਂ ਵਿਚ
ਜੰਗਲੀ ਦਾਹਵਾਂ ਵੀ ਨੇ।
ਸੀਮਿਤ ਜਿਹੇ ਇਸ ਰੂਟ ਉੱਤੇ,
ਆਪਸੀ ਲੋਕਾਂ ਦੀਆਂ,
ਵੱਢਵੀਆਂ ਜਿੱਦਾਂ ਵੀ ਨੇ, ਤੇ
ਸੜਵੀਆਂ ਖਾਰਾਂ ਵੀ ਨੇ।
ਭੁੱਖਿਆਂ ਤੇ ਬੇ-ਵਜਾਹ ਮਾਰਾ ਵੀ ਨੇ।
ਸੁਸਤ ਜੋਗਾਂ ਤੇਜ ਤੋਰਨ ਦੇ ਲਈ ਆਰਾਂ ਵੀ ਨੇ।
ਭਰਵੀਆਂ ਫਸਲਾਂ ਵੀ ਨੇ, ਤੇ ਭੁੱਖੀਆ ਲਾਰਾਂ ਵੀ ਨੇ,
ਖੇਤਾਂ ਘਰਾਂ ਨੂੰ ਖਾਂਦੀਆਂ, ਪਤਵੰਤੀਆਂ ਵਾੜਾ ਵੀ ਨੇ।
ਨਿੱਕੇ ਜਿਹੇ ਇਸ ਰੂਟ ਅੰਦਰ ਕੀ ਨਹੀਂ? ਸਭ ਕੁਝ ਹੀ ਹੈ।
ਦਗਦੇ ਤੇ ਅੰਗਿਆਰਿਆਂ ਤੇ ਬੈਠੀ
ਪਿਆਰ ਦੀ ਤਿਤਲੀ ਵੀ ਹੈ।
ਸੁਲ 'ਤੇ ਬੈਠੀ ਹੋਈ ਸ਼ਬਨਮ ਵੀ ਹੈ।
ਸੂਲੀ ਚੜ੍ਹੇ ਅਥਰੂ ਵੀ ਨੇ,
ਭੋਰੇ ਵਿਚ ਬੁਸਦੀ ਮਹਿਕ ਵੀ ਹੈ।
ਤਲਵਾਰ ਤੇ ਤੁਰਦਾ ਟਟਹਿਣਾ,
ਤਵੀ ਤੇ ਬਹਿੰਦੇ ਸਵੇਰੇ,
ਸ਼ਾਮ ਬਣ ਲੈਦੇ ਸਵੇਰੇ
ਤਵੇ ਤੇ ਰੋਟੀ ਦੀ ਥਾਂ 'ਤੇ,
ਭੁੱਜਦੀਆਂ ਮਾਵਾਂ ਵੀ ਨੇ,
ਠਰਦੀਆਂ ਧੁੱਪਾਂ ਵੀ ਨੇ ਤੇ
ਬਲਦੀਆਂ ਛਾਵਾਂ ਵੀ ਨੇ,
ਭੱਠੀ ਵਿਚ ਰੜ੍ਹਦੇ ਦਿਲ ਵੀ ਨੇ,
ਚੱਕੀ 'ਚ ਪਿਸਦੇ ਚਾਅ ਵੀ ਨੇ,
ਚਮਕਦੀ ਚਾਂਦੀ ਵੀ ਹੈ,

ਵਿਕਦੀਆਂ ਭੋਰਾਂ ਵੀ ਨੇ।
ਵੱਸਦੀਆਂ ਜੋ ਬਸਤੀਆਂ ਵਿਚ,
ਸ਼ਿੰਗਰਫੀ ਬਦਲੋਟੀਆਂ ਵੀ ਨੇ ਵਿਕਾਊ, ਤੇ
ਉਨ੍ਹਾਂ ਦੀਆਂ ਲਿਸ਼ਕਦੀਆਂ ਕੋਰਾਂ ਵੀ ਨੇ।

ਮੇਰੀ ਰੋਟੀ ਦਾ ਸਫ਼ਰ ਸੀਮਿਤ ਜਿਹਾ,
ਵਾਹਨ ਦੇ ਰੂਟ ਵਾਂਗ।
ਸਫ਼ਰ ਦੀ ਸੀਮਾਂ ਤਾਂ ਹੈ,
ਦਰਦ ਦੀ ਸੀਮਾਂ ਨਹੀਂ
ਕਿਉਂ ਦਰਦ ਦੀ ਸੀਮਾਂ ਨਹੀਂ?
ਕਿਉਂ ਦਰਦ ਦੀ ਸੀਮਾਂ ਨਹੀਂ??
ਮੰਨ ਲਿਆ ਕਿ ਦਰਦ ਦੀ ਸੀਮਾਂ ਨਹੀਂ?
ਪਰ ਜੋ ਇਹ ਸੰਤਾਪ ਹੈ,
ਉਪਚਾਰ ਦੀ ਸੀਮਾਂ ਵਿਚ ਹੈ,
ਉਪਚਾਰ ਦੀ ਸੀਮਾਂ ਵਿਚ ਹੈ!!

ਅੰਤਰਮੁਖੀ/ਬਾਹਰਮੁਖੀ

ਸੰਘਰਸ਼ ਚੱਲ ਰਿਹਾ ਏ,
ਲੋਕ ਸੜਕਾਂ 'ਤੇ ਨਿਕਲ ਆਏ ਨੇ।
ਮਰਦ, ਇਸਤਰੀਆਂ, ਬੱਚੇ,
ਨੰਗੇ, ਭੁੱਖੇ, ਸੁੱਕੇ ਤਨ।
ਇੰਨ੍ਹਾਂ ਦੇ ਕੱਪੜੇ-ਕਿੱਧਰ ਗਏ?
ਇਨ੍ਹਾਂ ਦਾ ਭੋਜਨ-ਕੌਣ ਖਾ ਗਿਆ?
ਇਨ੍ਹਾਂ ਦੇ ਘਰ-ਕੌਣ ਚੁਰਾ ਲੈ ਗਿਆ?
ਰੌਲਾ ਪੈ ਰਿਹਾ ਹੈ,
ਨਾਅਰੇ ਲੱਗ ਰਹੇ ਨੇ,

ਮੇਰੀ ਬਿਰਤੀ ਭੰਗ ਹੋ ਗਈ ਏ।
ਮੈਂ ਅੰਤਰ ਮੰਥਨ ਕਰ ਰਿਹਾ ਹਾਂ,
ਮਨ ਨੂੰ ਅਰੋਗ ਕਰਨ ਲਈ,
ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ,
ਨਿਜਾਤ ਲਈ,
ਮੇਰੀ ਬਿਰਤੀ ਭੰਗ ਹੋ ਗਈ।

ਮਨ ਦੀ ਖਿੜਕੀ ਖੋਲ੍ਹ ਕੇ,
ਮੈਂ ਭੀੜ ਤੋਂ ਪੁੱਛਦਾ ਹਾਂ।
ਕੀ ਗੱਲ ਹੈ?
ਇਹ ਹੱਲਾ, ਗੱਲਾ ਕਿਸ ਲਈ ਹੈ?

ਉਨ੍ਹਾਂ ਉਲਟਾ ਮੈਥੋਂ ਪੁੱਛਿਆ,
ਕੀ ਤੇਰੇ ਕੋਲ ਘਰ ਹੈ?
ਮੈਂ ਕਿਹਾ ਨਹੀਂ।
ਕੀ ਤੇਰੇ ਤਨ ਤੇ ਕੱਪੜੇ ਹਨ?
ਮੈਂ ਆਪਣੀ ਫਟੀ ਲੰਗੋਟੀ ਦੇਖੀ,
ਕਿਹਾ ਨਹੀ।
ਸਵੇਰੇ ਕੀ ਖਾਧਾ ਸੀ?
ਮੈਂ ਤਾਂ ਤਿੰਨ ਦਿਨ ਤੋਂ ਭੁੱਖਾਂ ਹਾਂ।
ਫਿਰ ਆਓ ਸਾਡੇ ਨਾਲ,
ਕੀ ਕਰਦੇ ਹੋ।
ਇਸ ਗੁੰਬਦ ਥੱਲੇ ਬੈਠੇ।
ਅੰਤਰ ਮੰਥਨ ਕਰ ਰਿਹਾਂ,
ਮਨ ਨੂੰ ਅਰੋਗ ਕਰਨ ਲਈ,
ਕਾਮ,ਕ੍ਰੋਧ, ਲੋਭ, ਮੋਹ, ਹੰਕਾਰ ਤੋਂ,

ਨਿਜਾਤ ਲਈ।

ਉਏ! ਰੱਜਿਆਂ ਦਾ ਕੰਮ,
ਤੂੰ ਭੁੱਖਾਂ ਕਿਵੇਂ ਕਰੀ ਜਾਨੈ?
ਕਈ ਆਵਾਜਾਂ ਆਈਆਂ।
ਸਬਰ, ਸ਼ੁੱਕਰ ਰੱਜੇ ਕਰਨ
ਤੂੰ, ਭੁੱਖਾ, ਹੋਰ ਭੁੱਖਾ ਰਹਿਣ ਲਈ,
ਤੂੰ ਨੰਗਾ, ਹੋਰ ਨੰਗਾ ਹੋਣ ਲਈ,
ਸਬਰ, ਸ਼ੁੱਕਰ, ਕਰੇਂਗਾ?
ਹੋਰ ਕਿੰਨੀਆਂ ਹੀ ਆਵਾਜਾਂ ਆਈਆਂ।

''ਯਾਰ, ਗਲ ਕਿਉਂ ਪੈਦੇ ਹੋ,
ਸ਼ਾਂਤੀ ਨਾਲ ਗੱਲ ਕਰੋ'' ਮੈਂ ਕਿਹਾ,
ਸ਼ਾਂਤੀ ! ਸ਼ਾਂਤੀ !! ਸ਼ਾਂਤੀ !!!
ਭੀੜ ਚਿਲਾਈ,
ਇਹ ਸੰਖਿਆ ਆਪਣੇ ਕੋਲ ਰੱਖ।

ਅਸੀਂ ਨੰਗੇ, ਇਸਤੋਂ
ਹੋਰ ਨੰਗੇ ਨਹੀਂ ਹੋ ਸਕਦੇ।
ਅਸੀਂ ਭੁੱਖੇ, ਇਸਤੋਂ,
ਹੋਰ ਭੁੱਖੇ ਨਹੀਂ ਰਹਿ ਸਕਦੇ।
ਅਸੀਂ ਬੇ-ਘਰੇ ਇਸਤੋਂ,
ਅਸੀਂ ਹੋਰ ਬੇ-ਘਰੇ ਨਹੀਂ ਰਹਿ ਸਕਦੇ।

ਠਹਿਰੋ ਪਲ ਲਈ,
ਮੈਂ ਆਇਆ।

ਅਸੀਂ ਤੇ ਸਮਾਂ ਹੁਣ ਇਕ ਹਾਂ,
ਠਹਿਰ ਨਹੀਂ ਸਕਦੇ,
ਤੂੰ ਠਹਿਰ ਅਤੇ ਅੰਤਰ ਮੰਥਨ,
ਨਹੀਂ, ਨਹੀਂ,
ਮੈਂ ਆਉਂਦਾ ਹਾਂ।

ਸੁਰਿੰਦਰ ਰਾਮਪੁਰੀ

ਕਰਜ਼ਦਾਰ

ਮੈਂ ਕਰਜ਼ਦਾਰ ਹਾਂ ਜ਼ਿੰਦਗੀ ਦਾ
ਹਰ ਦਿੰਹੁ ਦਾ ਮੇਰੇ ਸਿਰ ਕਰਜ਼ਾ।

ਮੈਂ ਚਾਹੁੰਨਾ
ਕਰਜ਼ ਉਤਾਰ ਦਿਆਂ
ਜ਼ਿੰਦਗੀ ਦਾ ਕੁਝ ਸੰਵਾਰ ਦਿਆਂ।
ਸੁੰਨੀ ਅੱਖ ਵਿਚ
ਸੁਪਨਾ ਭਰ ਦੇਵਾਂ
ਗੂੰਗੇ ਸ਼ਬਦ ਨੂੰ
ਇੱਕ ਅੱਧ ਬੋਲ ਦਿਆਂ।

ਕਾਲੀ ਬੋਲੀ ਰਾਤ ਦੇ ਵਿਚ
ਇਕ ਜੁਗਨੂੰ ਜਿਉਂ
ਮੈਂ ਲਿਸ਼ਕ ਪਵਾਂ।

ਜੇ ਏਨਾਂ ਹੀ
ਮੈਂ ਕਰ ਜਾਵਾਂ
ਕੁਝ ਕਰਜ਼ ਤਾਂ ਲੱਥ ਹੀ ਜਾਵੇਗਾ
ਕੁਝ ਕਰਜ਼ ਤਾਂ ਘਟ ਹੀ ਜਾਵੇਗਾ।
ਹਰ ਦਿਹੁੰ ਦਾ ਮੇਰੇ ਸਿਰ ਕਰਜ਼ਾ
ਮੈਂ ਕਰਜ਼ਦਾਰ ਹਾਂ ਜ਼ਿੰਦਗੀ ਦਾ।

ਤੁਰਦੀ ਰਹੀਂ

ਮੋਢੇ 'ਚ ਪਾ ਬਸਤਾ
ਇਸ ਨੂੰ ਭਾਰ ਨਾ ਸਮਝੀਂ
ਘਰ ਤੋਂ ਸਕੂਲ ਨੂੰ
ਕੋਈ ਵਾਟ ਨਾ ਸਮਝੀਂ
ਤੁਰਦੀ ਰਹਿ
ਧੀਏ
ਤੁਰਦੀ ਰਹਿ

ਤੂੰ ਪੜ੍ਹ ਗਈ
ਪੜ੍ਹ ਗਿਆ ਪਰਿਵਾਰ ਤੇਰਾ
ਤੂੰ ਖੜ੍ਹ ਗਈ, ਆਪਣੇ ਪੈਰਾਂ ਤੇ
ਸੰਭਲ ਗਿਆ ਪਰਿਵਾਰ ਤੇਰਾ
ਘਰ-ਬਾਰ ਤੇਰਾ
ਤੁਰਦੀ ਰਹਿ
ਧੀਏ
ਤੁਰਦੀ ਰਹਿ

ਤੂੰ ਤੁਰੇਂਗੀ
ਤੁਰਨਗੇ ਨਾਲ ਤੇਰੇ ਰਾਹ, ਪਗਡੰਡੀਆਂ
ਬਣਨਗੇ ਰਾਹ ਦਸੇਰੇ
ਤੁਰਦੀ ਰਹਿ
ਧੀਏ
ਤੁਰਦੀ ਰਹਿ

ਰਾਹਾਂ 'ਚ ਹੋਣਗੇ ਕੰਡੇ
ਔਕੜਾਂ, ਦੁਸ਼ਵਾਰੀਆਂ
ਬੈਠੀ ਨਾ ਚੁੱਪ ਹੋ ਕੇ
ਨਾ ਹੋਈਂ ਨਿੰਮੋਝੂਣੀ
ਘਬਰਾਈ ਨਾਂ
ਪੋਟਿਆਂ ਦੇ ਨਾਲ
ਚੁਗ ਲਈ ਕੰਡੇ
ਹੱਥ 'ਚ ਰੱਖੀਂ ਕਿਤਾਬ
ਮਘਦੀ ਰੱਖੀਂ
ਮੱਥੇ ਦੀ ਸੋਚ

ਤੁਰਦੀ ਰਹੀਂ
ਧੀਏ
ਤੁਰਦੀ ਰਹੀ
ਤੂੰ ਤੁਰਦੀ ਹੀ ਰਹੀਂ।

ਜੰਗ ਲੜਨੀ ਹੀ ਪੈਂਦੀ ਹੈ।

ਇਹ ਜ਼ਿੰਦਗੀ ਹੈ ਮਿੱਤਰਾ
ਟੀ.ਵੀ. ਸਕਰੀਨ ਨਹੀਂ
ਰੀਮੋਟ ਦੇ ਬਟਨ ਨਾਲ ਜਿੱਥੇ
ਬਦਲ ਲਵੇਂਗਾ ਸਭ ਕੁਝ

ਘੋਰ ਦੁਖਾਂਤ ਨੂੰ
ਗਿੱਧੇ ਭੰਗੜੇ ਵਿਚ ਬਦਲ ਲਵੇਂਗਾ
ਉਂਗਲੀ ਦੇ ਇਸ਼ਾਰੇ ਨਾਲ

ਇਹ ਤਾਂ ਜ਼ਿੰਦਗੀ ਹੈ
ਝੱਲਣੇ ਪੈਦੇ ਨੇ
ਦੁੱਖ ਦਰਦ ਸੰਤਾਪ
ਨੰਗੇ ਪਿੰਡੇ 'ਤੇ

ਇਹ ਜ਼ਿੰਦਗੀ ਹੈ
ਕੋਈ ਪੁਸਤਕ ਨਹੀਂ
ਪਰਤ ਲਵੇਂਗਾ ਜਿਸਦੇ ਪੰਨੇ
ਉਂਗਲੀ ਨੂੰ ਥੁੱਕ ਲਾ

ਇਹ ਤਾਂ ਜ਼ਿੰਦਗੀ ਹੈ
ਚੜ੍ਹਦੇ ਦਿਨ
ਮੂੰਹ ਅੱਡ ਖਲੋਂਦੇ
ਨਵੇਂ ਨਵੇਂ ਸਵਾਲ
ਕਿੰਨੀ ਵਾਰੀ ਮਰਨਾ ਪੈਦੇ ਜਿਉਦੇ ਜੀਅ
ਕਿੰਨੀ ਵਾਰੀ ਜਿਉਂਣਾ ਪੈਦੇ ਮਰੇ ਮਰੇ

ਇਹ ਜ਼ਿੰਦਗੀ ਹੈ ਮਿੱਤਰਾ
ਰੀਮੋਟ ਦੇ ਬਟਨ ਨਾਲ ਨਹੀਂ ਬਦਲਣੀ
ਪੰਨਾ
ਪਰਤਣ ਨਾਲ ਨਹੀਂ ਬਦਲਣੀ
ਇਹ ਤਾਂ ਜੰਗ ਹੈ
ਜੰਗ ਲੜਨੀ ਹੀ ਪੈਂਦੀ ਹੈ।

ਜ਼ਿੰਦਗੀ

ਜ਼ਿੰਦਗੀ ਦੀ ਮਾਂਗ 'ਚ

ਬਾਰੂਦ ਨਾ ਭਰੋ

ਨਾ ਖੰਡਰ
ਬਣਾਓ
ਵਸਦੇ ਘਰਾਂ ਨੂੰ
ਟਾਹਣੀਆਂ ਨਾ ਤੋੜੋ
ਕਲੀਆਂ ਨਾ ਲੂਸੋ
ਨਾ ਫੁੱਲਾਂ ਤਾਈਂ ਸਾੜੋ।

ਜ਼ਿੰਦਗੀ ਕੀ ਲੋਚੇ
ਸਾਨੂੰ ਸਭ ਨੂੰ ਪਤੈ
ਬਾਰੂਦੀ ਕਿਰਦਾਰ
ਹਰ ਕੋਈ ਜਾਣਦੈ।

ਏਥੇ ਕਿਹੜਾ ਇਨਸਾਨ
ਵਸੇ ਕੀਹਦੇ 'ਚ ਹੈਵਾਨ
ਇਹਦੀ ਹੋ ਗਈ ਪਛਾਣ
ਮਾਂਗ ਭਾਲਦੀ ਸੰਧੂਰ
ਉਹਨੂੰ ਵੰਡਦਾ ਬਾਰੂਦ
ਮੂਕ ਹੋ ਕੇ ਕਦੋਂ ਤੱਕ
ਅਸੀਂ ਦੇਖਦੇ ਰਹਾਂਗੇ।

ਜ਼ਿੰਦਗੀ ਨੂੰ ਆਸ
ਉਸ ਸਮੇਂ ਦੀ ਤਲਾਸ਼
ਜਦੋਂ ਮੂਕ ਬੋਲਾਂ ਨੂੰ ਜ਼ੁਬਾਨ ਮਿਲ ਜਾਏਗੀ
ਸ਼ਬਦ ਕਰਨਗੇ ਪੁਕਾਰ

ਜ਼ਿੰਦਗੀ ਨੂੰ ਜ਼ਿੰਦਗੀ ਦਿਓ
ਜ਼ਿੰਦਗੀ ਦੀ ਮਾਂਗ 'ਚ
ਬਾਰੂਦ ਨਾ ਭਰੋ
ਜ਼ਿੰਦਗੀ ਨੂੰ ਜ਼ਿੰਦਗੀ ਦਿਓ।

ਨ੍ਹੇਰੇ ਸਮਿਆਂ ਵਿਚ

ਕਿੰਨੇ ਨ੍ਹੇਰ ਢੋਏ
ਕਿੰਨੇ ਨ੍ਹੇਰ ਜ਼ਰੇ
ਤਨ ਦੇ ਉੱਤੇ
ਮਨ ਦੇ ਉੱਤੇ

ਰੇਸ਼ਮ ਵਰਗਾ ਪਿੰਡਾ
ਦਾਗ ਦਾਗ ਹੋ ਗਿਆ
ਫੁੱਲਾਂ ਵਰਗਾ ਮਨ ਝੁਲਸਿਆ ਗਿਆ

ਕੋਲੇ ਦੀ ਖਾਣ 'ਚ ਕੋਲਾ ਹੋ ਜਾਣਾ
ਨੂਣ ਦੀ ਖਾਣ 'ਚ ਨੂਣ ਹੋ ਜਾਣਾ।
ਨ੍ਹੇਰੇ ਸੰਗ ਨ੍ਹੇਰਾ ਹੋ ਰਹਿਣਾ
ਮਨਜ਼ੂਰ ਨਾ ਹੋਇਆ
ਪ੍ਰਵਾਨ ਨਾ ਕੀਤਾ
ਨਾ ਤਨ ਨੇ
ਨਾ ਮਨ ਨੇ
ਮਨ
ਝੁਲਸਿਆ ਝੁਲਸਿਆ ਵੀ
ਮਘਦੇ ਕੋਲੇ ਵਾਂਗ ਦਗਦਾ ਰਿਹਾ

ਜਗਦੇ ਦੀਵੇ ਵਾਂਗ ਰਿਹਾ
ਛੱਡਦਾ ਰੋਸ਼ਨੀ

ਤਨ
ਨ੍ਹੇਰੇ ਸਮਿਆਂ ਵਿਚ
ਨ੍ਹੇਰੇ ਸੰਗ ਭਿੜਿਆ
ਨ੍ਹੇਰੇ ਦਾ ਪ੍ਰਕੋਪ ਜਰਦਿਆਂ
ਸਾਂਭ ਸਾਂਭ ਰੱਖੇ
ਚਾਨਣ ਦੇ ਕਣ
ਕਿਰਨਾਂ ਬੋਚ ਬੋਚ ਪੱਲਾ ਭਰ ਲਿਆ

ਹਰ ਪਲ
ਹਰ ਛਿਣ
ਜਾਰੀ ਰੱਖੇ
ਨ੍ਹੇਰੇ 'ਚੋਂ ਬਾਹਰ ਆਉਣ ਦੇ ਯਤਨ

ਦੁਨੀਆਂ ਦਾ ਇਤਿਹਾਸ ਫਰੋਲੋ
ਹਰ ਯੁੱਗ
ਚਾਨਣ ਹੀ ਜਿੱਤਿਐ।

ਡਾ ਸੰਦੀਪ ਸ਼ਰਮਾ

ਦੁਬਿਧਾ

ਮੈਂ ਤਾਂ ਖੁੱਲੇ ਅੰਬਰ ਵੱਲ
ਉਡਾਉਦਾਂ ਹਾਂ ਹਰ ਵਾਰ
ਕਵਿਤਾ ਨੂੰ ਸ਼ਬਦਾਂ ਦੇ ਖੰਭ ਲਾ
ਖੌਰੇ ਕਦੋਂ ਲਿਖਿਆ ਜਾਂਦਾ ਹਰ ਵਾਰ ਹੀ
ਕਵਿਤਾ ਦੇ ਪਰਾਂ 'ਤੇ ਉਹਦਾ ਸਿਰਨਾਵਾਂ
ਉਹ ਜੋ ਮੇਰੇ ਸ਼ਬਦਾਂ ਦੀ ਧੜਕਣ ਨਾ ਸੁਣਦਾ
ਉਹ ਜੋ ਮੇਰੇ ਜਜ਼ਬਿਆਂ ਲਈ ਬਸ ਪਿੰਜਰੇ ਬੁਣਦਾ
ਕਵਿਤਾ ਉਹਦੇ ਦਰ 'ਤੇ ਜਾਵੇ
ਦਰ ਖੜਕਾਵੇ
ਉਹ ਤਾਂ ਬਸ ਅੰਦਰੋਂ ਹੀ ਦੇਖੀ ਜਾਵੇ
ਓਪਰਾ ਜਿਹਾ, ਅਣਜਾਣ ਜਿਹਾ
ਕਵਿਤਾ ਹੁਣ ਦੁਬਿਧਾ ਵਿੱਚ ਹੈ
'ਤੇ ਸ਼ਬਦ ਅਰਥਾਂ ਦੀ ਭਾਲ ਵਿੱਚ

ਭਰਿਆ ਭਰਿਆ ਖਾਲੀ

ਦੂਰ ਇੱਕ ਤਾਰਾ
ਇੱਕ ਮੱਧਮ ਜਿਹਾ ਤਾਰਾ
ਇੱਕ ਪਲ
ਨਜ਼ਰ ਦੀ ਝੀਲ ਦੇ ਸੀਨੇ 'ਚ ਲਹਿ ਜਾਂਦਾ
ਸਾਰਾ ਹੀ ਅੰਬਰ ਭਰਿਆ ਭਰਿਆ ਜਾਪਦਾ
ਕੰਨਾਂ 'ਚ ਕੋਈ ਰੇਸ਼ਮੀ ਸਰਗਮ ਗੂੰਜਦੀ
ਹਵਾ ਵੀ ਮਸਤੀ 'ਚ ਆ
ਘਾਹ ਦੀਆਂ ਨਿੱਕੀਆਂ ਪੱਤੀਆਂ ਸੰਗ ਝੂਮਦੀ

ਕਿਸੇ ਇਲਾਹੀ ਰਕਸ ਸੰਗ ਥਿਰਕਦਾ
ਸਾਰੇ ਦਾ ਸਾਰੇ ਵਜੂਦ
'ਤੇ ਵਰ੍ਹਿਆਂ 'ਚ ਫੈਲੀ ਜਿੰਦਗੀ
ਸਿਮਟ ਜਾਂਦੀ ਇਸ ਇੱਕ ਪਲ ਵਿਚ
'ਤੇ ਇਸ ਇਕ ਪਲ ਵਿਚ ਭਰ ਜਾਂਦੀਆਂ
ਕਿੰਨੀਆਂ ਹੀ ਜ਼ਿੰਦਗ਼ੀਆਂ
ਅਗਲੇ ਹੀ ਪਲ ਪਤਾ ਨਹੀਂ ਕਿਧਰ ਗੁਆਚ ਜਾਂਦਾ
ਇਹ ਮੱਧਮ ਜਿਹਾ ਤਾਰਾ
ਸਭ ਕੁਝ ਤਾਂ ਪਹਿਲਾਂ ਜਿਹਾ
ਬਸ ਉਹ ਨਾ ਹੁੰਦਾ
ਜਿਸਨੂੰ ਲੱਭਦੀ ਨਜ਼ਰ
ਖੋਰੇ ਕੀ ਵਾਪਰ ਜਾਂਦਾ
ਹੋਣ 'ਤੇ ਨਾ ਹੋਣ ਦੇ ਦਰਮਿਆਨ
ਖੋਰੇ ਕਿਉਂ ਹੋ ਜਾਂਦਾ ਖਾਲੀ ਖਾਲੀ
ਭਰਿਆ ਭਰਿਆ ਅਸਮਾਨ

ग़ैर हाज़र मैं

ਸੌਖਾ ਤਾਂ ਨਹੀਂ ਹੁੰਦਾ
ਚੁੱਪ ਦੇ ਕੋਰੇ ਪਿੰਡੇ 'ਤੇ
ਅਣਕਹੇ ਸ਼ਬਦਾਂ ਦੀ ਇਬਾਰਤ ਲਿਖਣਾ
ਕਿਣਕਾ ਕਿਣਕਾ
ਰੇਤ ਵਾਂਗਰਾਂ
ਆਪਣੀ ਹੋਂਦ ਨੂੰ
ਮੁਠੀ 'ਚੋਂ ਕਿਰਦੇ ਵੇਖੀ ਜਾਣਾ
ਔਕਾਤ ਦੇ ਜ਼ਾਬੀਏ ਨਾਲ
ਦੂਰ ਦੁਮੇਲ ਤੱਕ ਫੈਲੇ

ਅਕਾਂਖਿਆਵਾਂ ਦੇ ਅਥਾਹ ਅੰਬਰ ਦਾ ਰਕਬਾ ਮਿਣਨਾ
ਕੁਝ ਨਾ ਕਰਦਿਆਂ ਵੀ
ਸਭ ਕੁਝ ਕਰੀ ਜਾਣਾ
'ਤੇ ਸਭ ਕੁਝ ਕਰਦਿਆਂ ਵੀ
ਕੁਝ ਨਾ ਕਰਨਾ
ਸੌਖਾ ਤਾਂ ਨਹੀਂ ਹੁੰਦਾ
ਆਪਣੇ ਆਪ 'ਚੋਂ ਗੈਰ ਹਾਜ਼ਰ ਹੋਣਾ

ਅੱਗ ਦੀ ਨਦੀ

(ਮਨੀਪੁਰ ਦੀ ਆਇਰਨ ਲੇਡੀ ਇਰੋਮ ਸ਼ਰਮੀਲਾ ਲਈ)
ਅੱਗ ਦੀ ਨਦੀ
ਸੂਰਜ ਦੀ ਕੁੱਖ 'ਚੋਂ ਨਿਕਲੀ
ਅੱਗ ਦੀ ਨਦੀ
ਜੜ੍ਹ ਤੋਂ ਟੀਸੀ ਵੱਲ ਨੂੰ ਵਹਿਣ ਦੀ ਜ਼ਿਦ ਵਿਚ
ਵਾਰ-ਵਾਰ
ਬਰਫ ਜੰਮੇ ਪਰਬਤ ਦੇ ਮੋਢੇ 'ਤੇ ਹੱਥ ਰੱਖ
ਮਲਕੜੇ ਜਿਹੇ ਕਹਿੰਦੀ
ਮੇਰਾ ਇਮਤਿਹਾਨ ਨਾ ਲੈ
ਪਹਿਲਾਂ ਵੀ ਤਾਂ ਤੂੰ ਕੱਢਿਆ ਸੀ
ਮੈਨੂੰ ਅਗਨ ਪ੍ਰੀਖਿਆ ਬਾਣੀ
ਕੀਤਾ ਸੀ ਆਪਣੇ ਹਾਣ ਦਾ
'ਤੇ ਸੀਮਿਤ ਹੋ ਗਿਆ ਸੀ ਮਰਿਆਦਾ ਪੁਰਸ਼ੋਤਮ ਦੀ ਕੈਦ 'ਚ
ਅੱਜ ਮਰਿਆਦਾ ਭੰਜਕ ਬਣ
ਮੈਂ ਵੀ ਕੱਟਿਆ ਹੈ ਬਨਵਾਸ
ਤੂੰ ਤਾਂ ਜੜ੍ਹ ਹੋ ਗਿਆ ਸੀ
ਮੈਂ ਫੈਲ ਗਈ ਹਾਂ

ਆਪਣੀ ਸੀਮਾ 'ਤੇ ਮੇਰਾ ਵਿਸਥਾਰ ਵੇਖ
ਵਾਰ-ਵਾਰ ਮੁਖਾਤਿਬ ਹੁੰਦੀ ਬਰਫ ਜੰਮੇ ਪਰਬਤ ਨੂੰ
ਵਹਿੰਦੀ ਰਹੇਗੀ
ਖਹਿੰਦੀ ਰਹੇਗੀ
ਇਹ ਅੱਗ ਦੀ ਨਦੀ
ਕਿ ਜਦੋਂ ਤੱਕ
ਬਣ ਨਹੀਂ ਜਾਂਦਾ ਇਸਦਾ ਇਕ-ਇਕ ਕਣ
ਦਹਿਕਦਾ ਬੱਦਲ
ਵਰ੍ਹਦੀ ਰਹੇਗੀ ਅੱਗ ਦੀ ਵਾਛੜ ਦੇ ਰੂਪ
ਪੰਘਰ ਨਹੀਂ ਜਾਂਦੀ ਜਦ ਤੱਕ ਜੰਮੀ ਬਰਫ।

ਜੰਗ

ਫਿੱਕੇ ਪੈ ਗਏ ਨੇ
ਪਹਿਲੀ ਬਰਸਾਤ ਮਗਰੋਂ ਹੀ
ਵਾਅਦਿਆਂ, ਦਾਅਵਿਆਂ ਤੇ ਲਾਰਿਆਂ ਦੇ ਰੰਗ
ਜਿੱਤੀ ਜਾ ਚੁੱਕੀ ਹੈ ਜੰਗ
ਇਹ ਲੋਕਤੰਤਰ ਹੈ ਮੇਰੇ ਦੋਸਤ
ਇਥੇ ਲੜਨ ਵਾਲੀਆਂ ਦੋਵੇਂ ਧਿਰਾਂ ਵਿਚੋਂ
ਹਾਰਦਾ ਕੋਈ ਨਹੀਂ
ਹਾਰਨ ਵਾਲੀ ਤਾਂ ਇਕ ਤੀਜੀ ਧਿਰ ਹੁੰਦੀ ਹੈ
ਜਿਸਨੂੰ ਲੜਨਾ ਹੀ ਨਹੀਂ ਆਉਂਦਾ
ਬਸ ਹਾਰ ਜਾਣਾ ਹੀ ਆਉਂਦਾ ਹੈ
ਸ਼ਾਇਦ
ਹਾਰ ਉਸਦੀ ਹੋਣੀ ਬਣ ਚੁਕੀ ਹੈ
ਬਲਦੇ ਹੱਥਾਂ ਨੇ ਜਿਹੜੇ ਹਵਾ ਵਿਚ ਹਰਫ ਲਿਖੇ ਸੀ
ਲਗਦਾ ਮਿਟ ਗਏ ਨੇ

ਪਰ
ਬਹੁਤ ਗੂੜ੍ਹਾ ਹੋ ਗਿਆ ਹੈ
ਲੋਕਾਂ ਦੀ ਸੋਚ ਦੇ ਨੀਂਹ ਪੱਥਰ ਉੱਤੇ
ਇਹਨਾਂ ਜੇਤੂ ਸੁਪਨਸਾਜਾਂ ਦਾ ਨਾਂਅ
ਕੀ ਹੋ ਗਿਆ ਜੇ ਫਿੱਕੇ ਪੈ ਗਏ ਨੇ
ਪਹਿਲੀ ਬਰਸਾਤ ਨਾਲ ਹੀ
ਵਾਅਦਿਆਂ, ਦਾਅਵਿਆਂ 'ਤੇ ਲਾਰਿਆਂ ਦੇ ਰੰਗ

ਸਵਰਨ ਪੱਲ੍ਹਾ

ਗੀਤ

ਜਦ ਵੀ ਨਿੱਜ ਦੇ ਸਾਹਵੇਂ ਹੋਇਆ,
ਹੋ ਕੇ ਹੰਝੂ ਹੰਝੂ ਰੋਇਆ।

ਨਿੱਜ ਮੇਰੇ ਨੂੰ ਮੇਰਾ ਉਹਲਾ,
ਸਾਊਆਂ ਵਾਲਾ ਪਾ ਕੇ ਚੋਲਾ,
ਹਰ ਇਕ ਆਪਣਾ ਐਬ ਲਕੋਇਆ।
ਜਦ ਵੀ ਨਿੱਜ ਦੇ ਸਾਹਵੇਂ ਹੋਇਆ।

ਉਹ ਦੂਰ ਜੋ ਬਿਰਖ ਉਦਾਸ ਖੜ੍ਹੇ ਨੇ
ਨਿੱਜ ਮੇਰੇ ਦੇ ਖਾਸ ਬੜੇ ਨੇ
ਮੈਂ ਇਨ੍ਹਾਂ ਲਈ ਜਿਉਂਦਾ ਹੀ ਮੋਇਆ
ਜਦ ਵੀ ਨਿੱਜ ਦੇ ਸਾਹਵੇਂ ਹੋਇਆ

ਨਿੱਜ ਮੇਰੇ ਦਾ ਖਾਬ ਅਧੂਰਾ
ਇਕ ਨਾ ਇਕ ਦਿਨ ਕਰਨੈ ਪੂਰਾ
ਖਾਬ ਜੋ ਅਖੀਆਂ ਵਿਚ ਸਮੋਇਆ
ਜਦ ਵੀ ਨਿੱਜ ਦੇ ਸਾਹਵੇਂ ਹੋਇਆ
ਹੋ ਕੇ ਹੰਝੂ ਹੰਝੂ ਰੋਇਆ।

ਗੀਤ

ਘੁੰਮਦਾ ਸੀ ਘਰ ਸਾਰਾ ਮੇਰੇ ਹੀ ਦੁਆਲੇ
ਹੋ ਗਈ ਫਾਲਤੂ ਸਮਾਨ ਕਦੋਂ ਮਾਂ
ਪੁੱਤਾ ਵੇ ਤੇਰੇ ਡਾਕ ਬੰਗਲੇ

ਸਾਨੂੰ ਮਿਲੀ ਨਾ ਰਹਿਣ ਨੂੰ ਥਾਂ।

ਕਿੰਨੀਆਂ ਸੁੱਖਾਂ ਸੁੱਖ ਮੁੱਖ ਤੇਰਾ ਤੱਕਿਆ,
ਬਾਪੂ ਤੇਰਾ ਵੰਡਦਾ ਨਿਆਜਾਂ ਨਹੀਂ ਸੀ ਥੱਕਿਆ,
ਸੁੱਖਾਂ ਲੱਧਿਆਂ ਤੂੰ ਸੁੱਖੀ ਰਹੇ,
ਸਾਨੂੰ ਮੁਖੋਂ ਤੂੰ ਬੁਲਾਏ ਭਾਵੇਂ ਨਾ
ਪੁੱਤਾ ਵੇ.. .. ..।

ਕਰ ਮਜ਼ਦੂਰੀਆਂ ਮੈਂ ਪੁੱਤਾ ਤੈਨੂੰ ਪਾਲਿਆ,
ਤੈਨੂੰ ਖੁਸ਼ ਦੇਖਣ ਲਈ ਜ਼ਿੰਦਗੀ ਨੂੰ ਗਾਲ਼ਿਆ,
ਬੜੀਆਂ ਹੀ ਆਸਾਂ ਮੈਨੂੰ ਤੇਰੇ ਉੱਤੇ ਪੁੱਤਰਾ ਵੇ
ਸਾਡਾ ਹੋਰ ਤਾਂ ਸਹਾਰਾ ਕੋਈ ਨਾ
ਪੁੱਤਾ ਵੇ ਤੇਰੇ .. .. ..

ਕੂਚ ਕਰ ਦੇਣ ਦੀਆਂ ਹੋ ਗਈਆਂ ਤਿਆਰੀਆਂ,
ਨਿੱਸ ਦਿਨ ਵਧੀ ਜਾਣ ਮੇਰੀਆਂ ਬੀਮਾਰੀਆਂ,
ਤੁਰਿਆ ਨਹੀਂ ਜਾਣਾ ਹੁਣ ਦੇ ਗਈਆਂ ਜਵਾਬ ਲੱਤਾਂ
ਬਹਿਣੋ ਉੱਠਣੋਂ ਵੀ ਹੋਈ ਜਾਂਦੀ ਨਾਹ
ਪੁੱਤਾ ਵੇ. . . . .

ਗੀਤ

ਇਕ ਕੁੜੀ ਗੁਰਬਤ ਦੀ ਮਾਰੀ ਖੇਤਾਂ ਵਿਚੋਂ ਚੁਗੇ ਬੱਲੀਆਂ,
ਉਹਦੀ ਭੋਲੀ ਭਾਲੀ ਸੂਰਤ ਪਿਆਰੀ, ਖੇਤਾਂ ਵਿਚੋਂ ਚੁਗੇ ਬੱਲੀਆਂ।

ਕੱਲੀ ਕੱਲੀ ਬੱਲੀ ਚੁਗ ਝੋਲੀ ਵਿਚ ਪਾਉਂਦੀ ਆ,
ਚਾਰੇ ਪਾਸੇ ਤੇਜ਼ ਤੇਜ਼ ਨਜ਼ਰ ਘੁੰਮਾਉਂਦੀ ਆ।

ਉਨ੍ਹੇ ਊਣਾਂ ਦੀ ਮਗਰੀ ਮਾਰੀ,
ਖੇਤਾਂ ਵਿਚੋਂ ਚੁਗੇ ਬੱਲੀਆਂ
ਇਕ ਕੁੜੀ ਗੁਰਬਤ ਦੀ ਮਾਰੀ,

ਅਲ੍ਹੜ ਵਰੇਸ ਫਿਰੇ ਏਦਾਂ ਘੱਟਾ ਛਾਣਦੀ,
ਕਹਿੰਦੇ ਕਿਹੜੀ ਚੀਜ ਨੂੰ ਜੁਆਨੀ ਇਹਨਾ ਜਾਣਦੀ,
ਇਹ ਤਾਂ ਭੁੱਖ ਫਿਰਦੀ ਏ ਮਾਰੀ ਮਾਰੀ,
ਖੇਤਾਂ ਵਿਚੋਂ ਚੁਗੇ ਬੱਲੀਆਂ
ਇਕ ਕੁੜੀ ਗੁਰਬਤ ਦੀ ਮਾਰੀ।

ਪੜਨ ਸਕੂਲਾਂ, ਕਾਲਜਾਂ 'ਚ ਸੱਭੇ ਹਾਨਣਾ,
ਇਹਦੀ ਮਜ਼ਬੂਰੀ, ਤਾਂਈ ਕਦ ਕਿਸੇ ਜਾਨਣਾ,
ਇਹ ਧਰਤੀ ਦੀ ਧੀ ਦੁਖਿਆਰੀ,
ਖੇਤਾਂ ਵਿਚੋਂ ਚੁਗੇ ਬੱਲੀਆਂ,
ਇਕ ਕੁੜੀ ਗੁਰਬਤ ਦੀ ਮਾਰੀ।

ਬੱਲੀ ਦਾ ਕਸੀਰ ਜਦੋਂ ਨਹੁੰਆਂ ਵਿਚ ਲੱਗਦਾ,
ਟੰਢਿਆ ਵਿਚ ਖਹਿਕੇ ਖੂਨ ਪੋਟਿਆ 'ਚੋਂ ਵੱਗਦਾ,
ਪੀੜ ਪੱਲ੍ਹਿਆਂ ਉਹ ਪੀ ਜਾਂਦੀ ਸਾਰੀ
ਖੇਤਾਂ ਵਿਚ ਚੁੱਗੇ ਬੱਲੀਆਂ
ਇਕ ਕੁੜੀ ਗੁਰਬਤ ਦੀ ਮਾਰੀ।

ਗੀਤ

ਪਿੰਡ ਪਿੰਡ ਸ਼ਹਿਰ ਸ਼ਹਿਰ ਮੱਚ ਗਈ ਦੁਹਾਈ ਆ
ਮਾਸ ਨੋਚਣੇ ਨੂੰ ਧਾੜ ਗਿਰਝਾਂ ਦੀ ਆਈ ਆ।

ਕਹਿੰਦੇ ਇਥੇ ਚੀਜ਼ਾ ਦੇ ਅੰਬਾਰ ਲੱਗ ਜਾਣਗੇ,
ਘੱਟ ਮੁੱਲ ਉਤੇ ਲੋਕੀ, ਰੱਜ ਰੱਜ ਖਾਣਗੇ,
ਮੰਡੀ, ਉੱਤੇ ਕਬਜੇ ਲਈ ਬਣਤ ਬਣਾਈਆਂ,
ਪਿੰਡ ਪਿੰਡ ਸ਼ਹਿਰ ਸ਼ਹਿਰ ਮੱਚਗੀ ਦੁਹਾਈ ਆ।

ਸਿਮਟੇ ਪਈ ਦੁਨੀਆਂ ਪਰ ਵਧੀ ਜਾਣੇ ਫਾਸਲੇ,
ਸੋਚਾਂ ਬਣ ਤੁਰੀਆਂ ਨਾ ਅਜੇ ਤੀਕ ਕਾਫਲੇ,
ਕਿਹੜੀ ਬੇਵਸੀ ਨੇ ਬੇੜੀ ਸੋਚਾਂ ਨੂੰ ਪਾਈ ਆ।
ਪਿੰਡ ਪਿੰਡ.. .. ..

ਡਾਲਰਾਂ ਨੇ ਰੂਬਲਾਂ ਨੂੰ ਮਿੱਟੀ ਵਿਚ ਰੋਲਤਾ,
ਗੋਰਬੀ ਨੇ ਦਰ ਜਦੋਂ ਗੈਰਾਂ ਲਈ ਖੋਲ੍ਹਤਾ,
ਸਾਡੇ ਨਾਲ ਵੀ ਹੋਣੀ ਇਹੋ ਚਤੁਰਾਈ ਆ
ਪਿੰਡ ਪਿੰਡ ਸ਼ਹਿਰ ਸ਼ਹਿਰ.. .. .. ..

ਖੁੱਲ੍ਹੀ ਮੰਡੀ ਵਾਲਿਆਂ ਕੀ ਕੁੱਲੀ ਦਾ ਸੰਵਾਰਨਾ,
ਇਸ ਨੇ ਸੰਵਾਰਨਾ ਤਾਂ ਮਹਿਲਾਂ ਦਾ ਸੰਵਾਰਨਾ,
ਰੋਟੀ ਵਾਲੀ ਗੱਲ ਇਨਾਂ ਦਿਲੋਂ ਹੀ ਭੁਲਾਈ ਆ,
ਪਿੰਡ ਪਿੰਡ ਸ਼ਹਿਰ ਸ਼ਹਿਰ ਮੱਚ ਗਈ ਦੁਹਾਈ ਆ,
ਮਾਸ ਨੋਚਣੇ ਨੂੰ ਧਾੜ ਗਿਰਝਾਂ ਦੀ ਆਈ ਆ।

ਗੀਤ

ਸਾਨੂੰ ਮੋਇਆਂ ਨੂੰ ਹੋਰ ਨਾ ਤੂੰ ਮਾਰ ਵੇ,,
ਸਾਡਾ ਤਾਂ ਕਸੂਰ ਕੋਈ ਨਾ
ਅੱਗ ਬਦਲੇ ਨ ਇੰਝ ਸਾਨੂੰ ਠਾਰ ਵੇ,
ਸਾਡਾ ਤਾਂ ਕਸੂਰ ਕੋਈ ਨਾ।

ਸਾਡੀ ਯੁੱਗਾਂ ਦੀ ਪਿਆਸ,
ਮਾਰੂਥਲ ਦੀਆਂ ਜਾਈਆਂ,
ਹੌਕੇ ਹਾਵੇ ਤੇ ਜੁਦਾਈਆਂ,
ਬੱਸ ਸਾਡੇ ਹਿੱਸੇ ਆਈਆਂ,
ਨਿਰਾ ਢੋਂਗ ਤੇਰਾ ਲਗਦੈ ਪਿਆਰ ਵੇ,
ਸਾਡਾ ਤਾਂ ਕਸੂਰ ਕੋਈ ਨਾ।

ਜਾਵੇ ਛੱਜ ਵਿਚ ਛੱਟੀ ਸਾਡੀ ਨਿੱਕੀ ਜਿੰਨੀ ਭੁੱਲ,
ਤੋੜ ਜ਼ਿੰਦਗੀ ਹੀ ਤਾਰਦੇ ਹਾਂ ਹੰਝੂਆਂ ਥੀਂ ਮੁੱਲ
ਤੇਰੀ ਹਰ ਭੁੱਲ ਦਿੰਦੇ ਹਾਂ ਵਿਸਾਰ ਵੇ,
ਸਾਡਾ ਦਾ ਕਸੂਰ ਕੋਈ ਨਾ

ਵੱਡੇ ਘੇਰੇ ਵਾਲੇ ਪਿੰਜਰੇ ਨੂੰ ਕਹਿੰਦੇ ਹੋ ਆਜਾਦੀ
ਤੇਰੀ ਨੀਅਤ ਦੀ ਗੁਲਾਮ ਅੱਜੇ ਤਕਦੀਰ ਸਾਡੀ,,
ਧੱਕੇਸ਼ਾਹੀ ਵਾਲਾ ਤੇਰਾ ਕਿਰਦਾਰ ਵੇ,
ਸਾਡਾ ਤਾਂ ਕਸੂਰ ਕੋਈ ਨਾ,

ਰਹਿਣਾ ਅਮਲ ਸਦੀਵੀ ਤੇਰਾ ਮੇਰਾ ਪਿਆਰ
ਕਦੇ, ਰੁੱਸਣਾ, ਮਨਾਉਣਾ, ਰਹਿਣੀ, ਜ਼ਿੰਦਗੀ ਦੀ ਕਾਰ,
ਰਹਿਣਾ ਚਲਦਾ ਏਂਦਾ ਹੀ ਸੰਸਾਰ.. .. ..
ਸਾਡਾ ਤਾ ਕਸੂਰ ਕੋਈ ਨਾ।

ਸੁਰਜੀਤ ਨੀਲੋਂ

ਦਰਦ ਬਾਝੋਂ

ਮੈਂ ਖੁਦ ਬਾਰੇ ਜਦੋਂ ਵੀ ਸੋਚਿਆ ਇਹ ਜਾਪਦਾ ਰਿਹਾ
ਜਿਵੇਂ ਬੱਸ ਜ਼ਿੰਦਗੀ 'ਚ ਪ੍ਰੀਤ ਤੇਰੀ ਮਾਪਦਾ ਰਿਹਾ

ਅੱਜ ਤੱਕ ਨਜ਼ਰ ਨਾ ਆਈ, ਵਫ਼ਾ ਦੀ ਕੋਈ ਸੀਮਾ
ਯਕੀਨ ਖੁਦ ਤੋਂ ਵੀ ਵੱਧ, ਰੱਖੀ ਕਿਸੇ ਤੇ ਆਸ ਦਾ ਰਿਹਾ

ਸਮਝ ਕੋਈ ਨਾ ਖੁਦ ਬਾਰੇ, ਕਿਸੇ ਨੂੰ ਸੇਧ ਕੀ ਦੇਣੀ
ਕੋਈ ਉਸ ਲਈ ਬਣ ਸਦਾ ਰਹਿਬਰ, ਹਰ ਰਾਹ ਹੀ ਭਾਂਪਦਾ ਰਿਹਾ,

ਦਰਦ ਬਾਂਝੋ ਕੁਝ ਨਾ ਕੋਲ, ਮੈਂ ਦੱਸ ਕੀ ਦੇ ਦਿਆਂ ਉਸਨੂੰ
ਉਹ ਕਿਉਂ, ਭੰਡਾਰ ਖੁਸ਼ੀਆਂ ਦਾ ਮੈਨੂੰ ਹੀ ਆਖਦਾ ਰਿਹਾ

ਤਿਜ਼ਾਰਤ ਕਿੰਝ ਕੋਈ ਕਰਦਾ ਜ਼ਮਾਨੇ ਵਿਚ ਮੁਹੱਬਤ ਦੀ
ਕੀਤਾ ਜਿਸ ਇਸ਼ਕ, ਨਾ ਫਿਰ ਫਰਕ ਸੋਨੇ ਰਾਖ ਦਾ ਰਿਹਾ।

ਆਖਿਰ 'ਸਰਜੀਤ', ਰਹਿ ਜਾਣਾ ਆਪੀ ਉਸ ਪ੍ਰੀਤ ਦਾ ਹੋ ਕੇ
ਜਿਵੇਂ ਸੌ ਸਾਲ ਜੀ ਕੇ ਵੀ, ਜਿਸਮ ਇਹ ਖਾਕ ਦਾ ਰਿਹਾ।

ਜਜ਼ਬਾਤ

ਜਦ ਕਦੋਂ ਜਜ਼ਬਾਤ ਦਿਲਾਂ ਦੇ, ਬੁੱਲਾਂ ਉੱਤੇ ਆ ਜਾਂਦੇ ਨੇ
ਇਸ ਚਿਹਰੇ ਤੇ ਫੇਰ ਉਦਾਸੀ ਵਾਲੇ ਆਲਮ ਛਾ ਜਾਂਦੇ ਨੇ

ਕਦੀ ਨਾ ਚਾਹਾਂ ਕਿ ਮੈਂ ਆਪਣੀਆ ਅੱਖਾਂ ਦੇ ਵਿਚ ਹੰਝੂ ਵੇਖਾਂ
ਪਰ ਕਿਸੇ ਦੀ ਪੀੜ ਦੇ ਬੱਦਲ ਲੈ ਬਰਸਾਤਾਂ ਆ ਜਾਂਦੇ ਨੇ

ਲੱਖਾਂ ਦਰਦ ਬੇਗਾਨਿਆਂ ਦਿੱਤੇ ਕਦੇ ਨਾ ਹੌਂਸਲਾ ਹਾਰਿਆ ਮੈਂ
ਪਰ ਕੀ ਕਰੀਏ ਜਦ ਆਪਣੇ ਹੀ ਦਿਲ ਨੂੰ ਠੇਸ ਲਗਾ ਜਾਂਦੇ ਨੇ

ਉਸ ਨੂੰ ਪਾਉਣਾ ਇਸ 'ਸੁਰਜੀਤ' ਦੀ ਵੱਡੀ ਖਾਹਿਸ਼ ਸੀ
ਪਰ ਦਰਦਾਂ ਦੇ ਲੱਖਾਂ ਕੰਡੇ, ਜੋ ਨੀਲੋਂ ਨੂੰ ਰਾਹ ਜਾਂਦੇ ਨੇ।

ਏਸ ਮੁਹੱਬਤ ਨੇ

ਕਿਥੋਂ, ਕਿਥੇ ਤੱਕ ਪਹੁੰਚਾਇਆ ਮੈਨੂੰ ਏਸ ਮੁਹੱਬਤ ਨੇ
ਇਕ ਇਨਸਾਨ 'ਚ ਰੱਬ ਦਿਖਾਇਆ ਮੈਨੂੰ ਏਸ ਮੁਹੱਬਤ ਨੇ

ਮੰਦਰ ਅਤੇ ਮਸੀਤ ਦੇ ਅੰਦਰ, ਭਾਲ ਥੱਕੇ ਜੋ ਨਾ ਮਿਲਿਆ
ਇਹ ਅਚੰਭਾ ਕਰ ਦਿਖਲਾਇਆ, ਮੈਨੂੰ ਏਸ ਮੁਹੱਬਤ ਨੇ

ਜਰ ਜਾਣਾ ਤੇ ਮਰ ਜਾਣਾ, ਦੋਵੇਂ ਕੰਮ ਬੜੇ ਹੀ ਔਖੇ ਨੇ
ਦੋਵਾਂ ਦਾ ਹੀ ਵੱਲ ਸਿਖਾਇਆ ਮੈਨੂੰ ਏਸ ਮੁਹੱਬਤ ਨੇ

ਉਸ ਖੁਦਾ ਦੇ ਨਾਲ ਸ਼ਿਕਾਇਤ ਮੈਨੂੰ ਵੀ ਸੀ ਉਸ ਨੂੰ ਵੀ
ਦੁਨੀਆਂ ਨੂੰ ਨਹੀਂ ਦਰਦ ਸੁਣਾਇਆ, ਮੈਨੂੰ ਏਸ ਮੁਹੱਬਤ ਨੇ

ਹਰ ਦੁੱਖ ਸੁੱਖ ਵਿਚ ਸੁਰਜੀਤ ਨੂੰ ਦਿਸਦੇ ਆਪਣੇ ਨਾਲ ਖੜੇ
ਇਸ ਕਦਰ ਸਾਥ ਹੈ ਦਿੱਤਾ, ਮੈਨੂੰ ਏਸ ਮੁਹੱਬਤ ਨੇ।

ਹਰਬੰਸ ਸਿੰਘ ਰਾਏ

ਪੈਸਾ

ਜਿੱਧਰ ਵੀ ਦੇਖੋ ਬੱਸ ਪੈਸੇ ਨੂੰ ਸਲਾਮ ਹੈ
ਪੈਸੇ ਬਿਨਾ ਅੱਜ ਕੱਲ੍ਹ ਜ਼ਿੰਦਗੀ ਗੁਲਾਮ ਹੈ।
ਪੈਸੇ ਬਿਨ੍ਹਾਂ.. .. ..

ਪੈਸੇ ਪਿਛੇ ਦੇਖੇ ਕਈ ਅੰਗ ਸਾਕ ਟੁੱਟਦੇ,
ਫਿਰਦੇ ਨੇ ਦੋਸ਼ ਇਕ ਦੂਜੇ ਉਤੇ ਸੁੱਟਦੇ।
ਅੱਜ ਕੱਲ੍ਹ ਤਾਂ ਇਹ ਪੈਸਾ ਜ਼ਿੰਦਗੀ ਦਾ ਨਾਮ ਹੈ।
ਪੈਸੇ ਬਿਨ੍ਹਾ. .. . .. .

ਮਾਰ ਲਏ ਗਰੀਬ ਨਿਤ ਦੀ ਇਹ ਮਹਿੰਗਾਈ ਨੇ,
ਭੁੱਖ ਨੰਗ ਤੇ ਕਲੇਸ਼ ਘਰੇ ਨਿੱਤ ਦੀ ਲੜਾਈ ਨੇ
ਤਕੜਾ ਮਾੜੇ ਨੂੰ ਖੂੰਜੇ ਲਾਉਂਦਾ ਸ਼ਰੇਆਮ ਹੈ
ਪੈਸੇ ਬਿਨ੍ਹਾਂ. . . .

ਚਾਰੇ ਪਾਸੇ ਦੇਖੋ ਚੌਧਰ ਦੀ ਸਰਕਾਰ ਹੈ
ਮਿੱਟੀ ਵਿਚ ਰੁਲਦਾ ਸਦਾ ਹੀ ਹੱਕਦਾਰ ਹੈ
ਖਾ ਪੀ ਕੇ ਪੈਸਾ ਕੋਈ ਕਰਦਾ ਹਰਾਮ ਹੈ
ਪੈਸੇ ਬਿਨ੍ਹਾ. . . . . .

ਛੱਡ ਖਹਿੜਾ ਤੂੰ ਕੀ ਦੱਸ ਲੈਣਾ 'ਭੈਣੀ ਵਾਲਿਆ'
ਤਾਂ ਹੀ ਅੱਜ ਮਿਲੇ ਨਾ ਪਿਆਰ ਕਿਤੋਂ ਭਾਲਿਆ
ਬੰਦੇ ਨੂੰ ਪੈਸਾ ਪਾਈਂ ਫਿਰਦਾ ਲਗਾਮ ਹੈ
ਪੈਸੇ ਬਿਨ੍ਹਾ ਅੱਜ ਕੱਲ੍ਹ ਜ਼ਿੰਦਗੀ ਗੁਲਾਮ ਹੈ।

ਅਖੌਤੀ ਬਾਬੇ

ਅਖੌਤੀ ਬਾਰੇ ਅੱਜ ਕੱਲ੍ਹ ਮੌਜਾਂ ਕਰਦੇ ਨੇ,
ਆਪਸ ਦੇ ਵਿਚ ਲੜ ਲੜ ਲੋਕੀਂ ਮਰਦੇ ਨੇ।
ਅਖੌਤੀ ਬਾਬੇ. . . .

ਧਰਮ ਦੇ ਨਾਂ 'ਤੇ ਲੋਕਾਂ ਨੂੰ ਭੜਕਾਉਂਦੇ ਨੇ,
ਭਾਈਚਾਰੇ ਵਿਚ ਫੁੱਟ ਸਦਾ ਹੀ ਪਾਉਂਦੇ ਨੇ।
ਸੇਵਕ ਵੀ ਬਾਬੇ ਦੀ ਹਾਮੀ ਭਰਦੇ ਨੇ,
ਅਖੌਤੀ ਬਾਬੇ. . . .

ਨਾਮ ਦਾਨ ਦੀ ਚਰਚਾ ਜਦੋਂ ਕਰਾਉਂਦੇ ਨੇ।
ਆਪਣੇ ਆਪ ਨੂੰ ਸਭ ਦੇ ਗੁਰੂ ਕਹਾਉਂਦੇ ਨੇ,
ਗੁੰਮਰਾਹ ਹੋਏ ਲੋਕੀਂ ਪੈਰ ਵਹਿਮਾਂ ਵਿਚ ਧਰਦੇ ਨੇ
ਅਖੌਤੀ ਬਾਬੇ. . . .

ਬਾਬੇ ਮੂਹਰੇ ਜਦ ਬਰਸਾਤ ਹੁੰਦੀ ਨੋਟਾਂ ਦੀ,
ਲੀਡਰ ਨੂੰ ਵੀ ਥੋੜ ਰਹੇ ਨਾ ਵੋਟਾਂ ਦੀ,
ਬਾਬਾ ਆਖੇ ਇਹ ਤਾਂ ਬੰਦੇ ਘਰਦੇ ਨੇ
ਅਖੌਤੀ ਬਾਬੇ. . . .

ਭਾਈਚਾਰਾ ਸਭ ਵਿਚ ਮੁਸੀਬਤ ਘਿਰਦਾ ਹੈ,
ਬਾਬਾ ਤਾਂ ਬੱਸ ਹੀਰੋ ਬਣਿਆ ਫਿਰਦਾ ਹੈ,
ਸੱਚ ਕਹਿਣ ਤੋਂ ਫੇਰ ਇਹ ਲੋਕੀਂ ਡਰਦੇ ਨੇ
ਅਖੌਤੀ ਬਾਬੇ. . . .

ਮਹਾਂਪੁਰਸ਼ਾਂ ਦੀਆ ਸਾਖੀਆਂ ਜਦੋਂ ਸੁਣਾਉਂਦੇ ਨੇ
ਤੋੜ ਮਰੋੜ ਕੇ ਆਪਣੀਆਂ ਵਿਚ ਮਿਲਾਉਂਦੇ ਨੇ
'ਭੈਣੀ ਵਾਲਿਆਂ' ਸੱਚ ਤੇ ਪਾਉਂਦੇ ਪਰਦੇ ਨੇ
ਅਖੌਤੀ ਬਾਬੇ. . . .

ਵਿਆਹ ਮੁਕਲਾਵੇ

ਬਦਲ ਗਏ ਸਭ ਵਿਆਹ ਮੁਕਲਾਵੇ ਬਦਲ ਗਏ ਕੰਮ ਕਾਜ
ਅੱਜ ਕੱਲ੍ਹ ਪੈਸੇ ਨੇ, ਦਿੱਤੇ ਬਦਲ ਰਿਵਾਜ
ਅੱਜ ਕੱਲ੍ਹ . . . . .

ਪੈਸੇ ਖਾਤਿਰ ਧੀ ਭੈਣ ਨੂੰ ਬੁੱਢੜੇ ਨਾਲ ਵਿਆਉਂਦੇ,
ਮੁਲਕ ਬਾਹਰਲੇ ਜਾਣ ਲਈ ਨਿੱਤ ਸੁਪਨੇ ਰਹਿਣ ਸਜਾਉਂਦੇ
ਦਾਜ ਦੀ ਖਾਤਰ ਇਕ ਦੂਜੇ ਨਾਲ ਕਰੇ ਨਾ ਕੋਈ ਲਿਹਾਜ
ਅੱਜ ਕੱਲ੍ਹ. . . . .

ਵਿਆਹ ਸ਼ਾਦੀ ਦੇ ਵੇਲੇ ਨਾ ਕੋਈ ਰੱਖੇ ਵਿਚ ਵਿਚੋਲਾ,
ਆਂਢ ਗੁਆਂਡ ਦੇ ਕੋਲੋਂ ਹਰ ਕੋਈ ਰੱਖੀ ਫਿਰਦਾ ਉਹਲਾ
ਅੱਧ ਵਿਚਾਲੇ ਤਿੜਕ ਜਾਏ ਭਾਵੇਂ ਜ਼ਿੰਦਗੀ ਦਾ ਇਹ ਸਾਜ
ਅੱਜ ਕੱਲ੍ਹ . . . .

ਘਰ ਬਾਰ ਨੂੰ ਛੱਡਕੇ ਮੈਰਿਜ ਪੈਲਿਸ ਬੁੱਕ ਕਰਾਉਂਦੇ,
ਅੰਨ੍ਹੇਵਾਹ ਫਿਰ ਕਰਕੇ ਖਰਚਾ ਫੋਕੀ ਸ਼ਾਨ ਵਧਾਉਂਦੇ
ਸਾਰੀ ਉਮਰ ਨਾ ਉਤਰੇ ਭਾਵੇਂ ਚੜਿਆ ਸਿਰੋਂ ਵਿਆਜ
ਅੱਜ ਕੱਲ੍ਹ. . . . . .

ਵਿਆਹ ਨੂੰ ਤਾਂ ਅੱਜ ਕੱਲ੍ਹ ਲੋਕਾਂ ਫੈਸ਼ਨ ਪਿਆ ਬਣਾਇਆ,
ਇਕ ਦੂਜੇ ਦੀ ਜਾਇਦਾਦ ਤੇ ਸਭ ਦਾ ਹੀ ਦਿਲ ਆਇਆ
'ਭੈਣੀ ਵਾਲਿਆ' ਲਾਲਚ ਦਾ ਹੀ ਹੋਇਆ ਹਰ ਥਾਂ ਰਾਜ
ਅੱਜ ਕੱਲ੍ਹ. . . . .

ਗਜ਼ਲ

ਜ਼ਖ਼ਮ ਜੁਦਾਈਆਂ ਵਾਲੇ, ਚੋਟ ਕਰਾਰੀ ਐ
ਚੋਟ ਕਰਾਰੀ ਆਪਣਿਆਂ ਹੀ ਮਾਰੀ ਐ
ਜੀਹਨਾਂ ਨੂੰ ਅਸੀਂ ਕਦੇ ਸਮਝਿਆ ਗੈਰ ਨਹੀਂ
ਹੁਣ ਹੋਈ ਬਿਗਾਨੀ ਫਿਰਦੀ ਦੁਨੀਆ ਸਾਰੀ ਐ
ਹੋਇਆ ਫਿਰੇ ਗਰੂਰ ਜੀਹਨਾਂ ਨੂੰ ਪੈਸੇ ਦਾ
ਜਿੱਧਰ ਤੱਕ ਉਨ੍ਹਾ ਦੀ ਸਰਦਾਰੀ ਐ
ਬਦਲਿਆ ਫਿਰੇ ਜ਼ਮਾਨਾ ਬਦਲੀਆਂ ਰੀਤਾਂ ਨੇ
ਹੋਇਆ ਸੱਚ ਅਲੋਪ ਝੂਠ ਦੀ ਵਾਰੀ ਐ
ਬੇਈਮਾਨੀ ਦੀ ਖੱਟੀ ਖਾਂਦੇ ਫਿਰਦੇ ਨੇ
ਚੌਧਰ ਨੇ ਪਈ ਮੱਤ ਇਨ੍ਹਾਂ ਦੀ ਮਾਰੀ ਐ
ਦੱਸ 'ਭੈਣੀ ਵਾਲਿਆ' ਕਰੇਂ ਤੂੰ ਰੋਸਾ ਕੀਹਦੇ ਤੇ
ਰਹਿ ਗਈ ਅੱਜ ਕੱਲ੍ਹ ਮਤਲਬ ਦੀ ਹੀ ਯਾਰੀ ਐ

ਹਰਪ੍ਰੀਤ ਰਾਮਪੁਰ

ਗਜ਼ਲ਼

ਹਕੀਕਤ ਭਾਲਦਾ ਫਿਰਦਾਂ ਕਿਸ਼ੁਮੇ ਘਟਦਿਆਂ ਅੰਦਰ
ਕਿਸੇ ਇਨਸਾਨ ਨੂੰ ਲੱਭਾਂ, ਫਰਿਸ਼ਤੇ ਜਿਉਂਦਿਆਂ ਅੰਦਰ

ਦੋ ਤਣੀਆਂ ਖੋਹ ਲਈ, ਮਾਸੂਮੀਅਤ ਬਾਲਾਂ ਦੇ ਚਿਹਰੇ ਤੋਂ
ਕੀ ਭਰ ਕੇ ਰੱਖਿਆ ਹੈ ਖੋਰੇ ਇਨ੍ਹਾਂ ਬਸਤਿਆਂ ਅੰਦਰ

ਮੈਂ ਹੁਣ ਹਰ ਮੰਚ ਉੱਤੇ ਵੱਖਰੇ ਕਿਰਦਾਰ ਜਿਉਂਦਾ ਹਾਂ
ਘਰੀਂ ਤੇ ਦਫ਼ਤਰਾਂ ਅੰਦਰ, ਇਹ ਸਾਰੇ ਰਸਤਿਆਂ ਅੰਦਰ

ਹੈ ਮਸਲਾ ਮੁੱਢ ਤੋਂ ਰੋਟੀ ਰਿਹਾ ਬੰਦੇ ਲਈ, ਐਪਰ
ਵਿਸਰ ਜਾਂਦਾ ਰਿਹਾ ਅਕਸਰ ਹੀ ਮਸਲੇ ਭਖਦਿਆਂ ਅੰਦਰ

ਕਦੇ ਮਿਲ ਤਾਂ ਸਹੀ ਤੂੰ ਅਜ਼ਨਬੀ ਦੇ ਵਾਂਗਰਾਂ ਮੈਨੂੰ
ਹਮੇਸ਼ਾਂ ਉਲਝਿਆ ਰਹਿਨਾ ਏਂ ਗੂੜੇ ਰਿਸ਼ਤਿਆਂ ਅੰਦਰ

ਗਜ਼ਲ

ਉਹ ਏਸੇ ਹੀ ਤਰ੍ਹਾਂ ਮੁੱਠੀ 'ਚ ਕੁੱਲ ਸੰਸਾਰ ਕਰਦਾ ਹੈ
ਉਜਾੜਾ ਕਰ ਕੇ ਹਰ ਸ਼ੈਅ ਆਪਣੇ ਅਨੁਸਾਰ ਕਰਦਾ ਹੈ

ਉਹ ਸੁੰਘੇ ਤੇਲ ਦੀ ਖੁਸ਼ਬੂ ਅਤੇ ਗਰਦਾਨਦਾ ਦੁਸ਼ਮਣ
ਬਹਾਨੇ ਅਮਨ ਦੇ ਘੜ ਕੇ ਹਮੇਸ਼ਾ ਵਾਰ ਕਰਦਾ ਹੈ

ਉਹਦੀ ਨਿੱਜ ਦਾ ਹੈ ਮਸਲਾ ਪਰ ਨਹੀਂ ਸੀਮਤ ਉਹਦੇ ਤੀਕਰ
ਉਹਦਾ ਹੰਕਾਰ ਜੋ ਖੰਡਰ ਬੜੇ ਘਰ ਬਾਰ ਕਰਦਾ ਹੈ

ਵਪਾਰੀ ਮਨ ਉਹਦਾ ਹੈ ਲਾਲਚੀ, ਉਹਨੂੰ ਕਿਸੇ ਤੱਕ ਕੀ
ਉਹ ਕਰਦਾ ਫੈਸਲੇ ਤੇ ਹਰਕਤਾਂ ਬਾਜ਼ਾਰ ਕਰਦਾ ਹੈ

ਸਭੇ ਅਖ਼ਬਾਰ ਪੜ੍ਹਦੇ ਨੇ ਕੀ ਘਟਿਆ ਜਾਨਣੇ ਖਾਤਰ
ਕੋਈ ਘਟਨਾ ਦੇ ਪਹਿਲੂ 'ਤੇ ਕਿਉਂ ਨਾ ਵਿਚਾਰ ਕਰਦਾ ਹੈ।

ਮਨੋਰੰਜਨ ਲਈ ਆਪਣੇ ਘੁਲਾਉਂਦਾ ਪਹਿਲਵਾਨਾ ਨੂੰ
ਤੇ ਬਹਿ ਕੇ ਕਮਰਿਆਂ ਅੰਦਰ ਤੈਅ ਜਿੱਤ ਤੇ ਹਾਰ ਕਰਦਾ ਹੈ।

ਗ਼ਜ਼ਲ

ਅਨੇਕਾਂ ਵਾਰ ਹੀ ਜਿੱਤੀ ਅਤੇ ਹਾਰੀ ਹੈ ਜ਼ਿੰਦਗੀ
ਕਿ ਨਿਤ ਦਿਨ ਹੀ ਅਗੇਰੀ ਜੰਗ ਦੀ ਤਿਆਰੀ ਹੈ ਜ਼ਿੰਦਗੀ

ਖੁਸ਼ੀ ਦੇ ਨਾਲ ਜੇ ਬੀਤੇ ਤਾਂ ਹੈ ਚੌਂਹ ਕੁ ਦਿਨਾਂ ਦੀ, ਪਰ
ਘਿਰੀ ਦੁੱਖਾਂ 'ਚ ਤਾਂ ਸਦੀਆਂ ਤੋਂ ਵੀ ਭਾਰੀ ਹੈ, ਜ਼ਿੰਦਗੀ

ਰਿਹਾ ਹਾਂ ਰੂਬਰੂ ਬਦਤਰ ਦੇ ਬੇਸ਼ਕ ਉਮਰ ਭਰ ਹੀ ਮੈਂ
ਸਦਾ ਤੋਂ ਬੇਹਤਰੀ ਦੀ ਆਸ ਵਿਚ ਜਾਰੀ ਹੈ, ਜ਼ਿੰਦਗੀ

ਨਾ ਹੋਵੇ ਆਦਮੀ ਪੂਰਨ ਭਲੇ ਪੂਰਾ ਵੀ ਹੋ ਜਾਵੇ
ਨਿਰੰਤਰ ਹੋ ਰਹੀ ਪੂਰਨ ਦੀ ਉਸਾਰੀ ਹੈ ਜ਼ਿੰਦਗੀ

ਰਹੇ ਹੋ ਕਿਉਂ ਪਰਖ ਇਸਨੂੰ ਵਜ਼ਨ 'ਤੇ ਜਾਂ ਬਹਿਰ ਉਤੇ
ਵਰਕ 'ਤੇ ਅੱਖਰਾਂ ਦੇ ਨਾਲ ਉਤਾਰੀ ਹੈ ਜ਼ਿੰਦਗੀ

ਗ਼ਜ਼ਲ

ਇਹ ਖ਼ੂਬਸੂਰਤ ਬੁੱਲਾ ਚੋਂ ਮੇਰੇ ਸਾਹਾਂ 'ਚੋਂ ਗੁਜ਼ਰਿਆ
ਕਦੇ ਹੋਵੇਗਾ ਉਹਦੇ ਸ਼ਹਿਰ ਦੇ ਰਾਹਾਂ 'ਚੋਂ ਗੁਜ਼ਰਿਆ

ਇਸ਼ਾਰੇ ਮੌਤ ਦੇ ਚੇਤੇ ਕਰਾਈ ਜ਼ਿੰਦਗੀ ਮੁੜ ਤੋਂ
ਮੈਂ ਜਦ ਜਦ ਵੀ ਹਾਂ ਸ਼ਮਾਸ਼ਾਨਾਂ, ਕਬਰਗਾਹਾਂ ਚੋਂ ਗੁਜ਼ਰਿਆ

ਰਤਾ ਚੇਤੇ ਨਹੀਂ ਕਿਸ ਕਿਸ ਨੂੰ ਹਾਂ ਮਿਲਦਾ ਰਿਹਾ ਦਿਨ ਭਰ
ਹੈ ਬਸ ਗਿਣਤੀ 'ਚ ਜਦ ਵੀ ਕੌਫੀਆਂ ਚਾਹਾਂ 'ਚੋਂ ਗੁਜ਼ਰਿਆ

ਹਰਿੱਕ ਤਾਰੀਖ ਤੇ ਲੁੱਟੀ ਗਈ ਮੁੜ ਆਬਰੂ ਉਸ ਦੀ
ਜਬਰ ਦਾ ਕੇਸ ਜਦ ਮੁਨਸਫ ਤੇ ਧਾਰਾਵਾਂ 'ਚੋਂ ਗੁਜ਼ਰਿਆ

ਕਰਨ ਕੀ ਬੋਟ ਉਸਦੇ ਮੰਗ ਉਸ ਕੋਲੋਂ ਹਿਫਾਜ਼ਤ ਦੀ
ਸਦਾ ਬੇਗਾਨਿਆਂ ਜੋ ਹੈ ਪਨਾਹਗਾਹਾਂ 'ਚੋਂ ਗੁਜ਼ਰਿਆ

ਹਰਬੰਸ ਮਾਲਵਾ

ਸਵਾਗਤ ਨਵ-ਜਨਮੀ ਧੀ ਦਾ

ਆ ਧੀਏ ਤੇਰਾ ਕਰਾਂ ਸਵਾਗਤ, ਤੂੰ ਮੇਰੇ ਘਰ ਜਾਈ
ਘਰ ਦਾ ਚੱਪਾ ਚੱਪਾ ਖਿੜਿਆ ਹਰ ਨੁੱਕਰ ਮਹਿਕਾਈ
* ਤੇਰਾ ਹਾਸਾ- ਰੋਣਾ ਤੇਰਾ ਲਗਦਾ ਬਹੁਤ ਪਿਆਰਾ
ਮੈਂ ਕੱਲਾ ਨਹੀਂ ਜੀ ਆਇਆ ਤੈਨੂੰ ਆਖੇ ਟੱਬਰ ਸਾਰਾ
ਘਰ ਦੀ ਖੁਸ਼ਹਾਲੀ ਵਿਚ ਹੋਣੇ ਤੇਰੇ ਕਦਮ ਸਹਾਈ
ਆ ਧੀਏ, ਤੇਰਾ ਕਰਾਂ ਸਵਾਗਤ, ਤੂੰ ਮੇਰੇ ਘਰ ਦੀ ਜਾਈ।
*ਤੇਰੀਆਂ ਸੋਹਣੀਆਂ ਸੋਹਣੀਆਂ ਅੱਖਾਂ ਜਿਵੇਂ ਕਰਦੀਆਂ ਗੱਲਾਂ
ਤੇਰੇ ਉਤੋਂ ਸੌ ਸੌ ਵਾਰੀ ਵਾਰਾਂ ਮੋਹ ਦੀਆਂ ਛੱਲਾਂ
ਮੈਂ ਚਾਹਾਂ ਤੂੰ ਇਕ ਦਿਨ ਹੋਵੇ, ਕੁੱਲ ਆਲਮ ਤੇ ਛਾਈ
ਆ ਧੀਏ ਤੇਰਾ ਕਰਾਂ ਸਵਾਗਤ ਤੂੰ ਮੇਰੇ ਘਰ ਜਾਈ
*ਲਾਡਾਂ ਨਾਲ ਬੁਲਾਈਏ ਤੈਨੂੰ, ਤੂੰ ਵੀ ਭਰੇਂ ਹੁੰਗਾਰਾ
ਖਿੰਡ ਖਿੰਡ ਜਾਵੇ ਮੁੱਖ ਤੇਰੇ ਤੇ ਹਾਸਿਆਂ ਦਾ ਲਿਸ਼ਕਾਰਾ
ਤੇਰੇ ਨਿਰਛਲ ਹਾਸੇ ਨੇ ਕੁੱਲ ਕਾਇਨਾਤ ਮਹਿਕਾਈ
ਆ ਧੀਏ ਤੇਰਾ ਕਰਾਂ ਸਵਾਗਤ-ਤੂੰ ਮੇਰੇ ਘਰ ਜਾਈ
* ਮਾਂ ਤੇਰੀ ਦੇ ਮਨ ਵਿਚ ਵਲਵਲੇ ਉੱਠਦੇ ਆਪ ਮੁਹਾਰੇ
ਗੋਦੀ ਦੇ ਵਿਚ ਵੇਖ ਵੇਖ ਕੇ ਪਲ ਪਲ ਬਾਅਦ ਨਿਹਾਰੇ
ਮਾਂ ਦੇ ਖਾਲੀ ਬਚਪਨ ਦੀ ਵੀ ਤੂੰ ਕਰਨੀ ਭਰਪਾਈ
ਆ ਧੀਏ ਤੇਰਾ ਕਰਾਂ ਸਵਾਗਤ, ਤੂੰ ਮੇਰੇ ਘਰ ਜਾਈ।

ਗੀਤ ਲਿਖਣਾ ਹੈ

ਤੂੰ ਜਰਾ ਮੁਸਕਰਾ, ਕਿ ਮੈਂ ਇੱਕ ਗੀਤ ਲਿਖਣਾ ਹੈ।
ਜਾਂ ਉਦਾਸ ਹੋ ਜਾ ਕਿ ਮੈਂ ਇੱਕ ਗੀਤ ਲਿਖਣਾ ਹੈ।
*ਬੋਲ--ਬੋਲ ਪ੍ਰਭਾਤ 'ਜਹੇ ਤੂੰ-

ਪਿਆਰ ਪਰੁੱਚੀ ਦਾਤ 'ਜਹੇ ਤੂੰ-
ਬੋਲਾਂ ਨੂੰ ਸਹਿਲਾ ਕਿ ਮੈਂ ਇੱਕ ਗੀਤ.. ..
* ਸੁਰ-ਬੱਧ ਕਰਕੇ ਸਾਹਾਂ ਨੂੰ ਤੂੰ
ਪੈਰ ਵਿਖਾਦੇ, ਰਾਹਾਂ ਨੂੰ ਤੂੰ
ਮੰਜ਼ਿਲ ਵੱਲ ਨੂੰ ਆ ਕਿ ਮੈਂ ਇਕ ਗੀਤ.. .. .
* ਸ਼ਬਦਾ ਨੂੰ ਤੂੰ ਅਰਥ ਵਿਖਾ ਕੇ
ਅਰਥਾਂ ਭਰਿਆ ਵਾਕ ਬਣਾ ਕੇ
ਰੁੱਸਦੇ ਸ਼ਬਦ ਮਨਾ ਕਿ ਮੈਂ ਇਕ ਗੀਤ.. .. . .
* ਖਾਲੀ ਖਾਲੀ ਰੱਖ ਨਾ ਅੱਖਾਂ
ਭਰ ਅੱਖਾਂ ਵਿਚ ਸੁਪਨੇ ਲੱਖਾਂ
ਸੁਪਨੇ ਪੂਰ ਚੜ੍ਹਾ, ਕਿ ਮੈਂ ਇਕ ਗੀਤ ਲਿਖਣਾ ਹੈ
ਤੂੰ ਜਰਾ ਮੁਸਕਰਾ ਕਿ ਮੈਂ . . . . .
ਜਾਂ ਉਦਾਸ ਹੋ ਜਾ ਕਿ ਮੈਂ . . . .

ਪਾਬੰਦੀਆਂ

ਸਾਹਾਂ 'ਚ ਸੁਗੰਧੀਆਂ ਨੇ,
ਪੈਰਾਂ 'ਚ ਪਾਬੰਦੀਆਂ ਨੇ
ਮੇਰੀ ਕੁਝ ਮੰਨ ਕੁਝ ਆਪਣੀ ਮਨਾ ਨੀ ਅੰਮੜੀਏ
ਏਨੀਆਂ ਪਾਬੰਦੀਆਂ ਨਾ ਲਾ ਏਨੀਆਂ..
*ਮੇਰੇ ਵਾਂਗੂ ਹੋ ਗਏ ਮੇਰੇ ਸੁਪਨੇ ਉਡਾਰ ਨੀ
ਕਿੰਨਾ ਸੋਹਣਾ ਹੋ ਗਿਆ ਏ ਸ਼ਬਦ ਪਿਆਰ ਨੀ
ਆਪੇ ਗੱਲਾਂ ਕਰਦੀ-ਹੁੰਗਾਰਾ ਆਪੇ ਭਰਦੀ-ਤੇ.
ਆਪੇ ਕੋਲੋਂ ਮੰਗਾਂ ਮੈਂ ਸਲਾਹ ਨੀ ਅੰਮੜੀਏ ...
*ਸੂਹੇ ਸੂਹੇ ਫੁੱਲ ਮਾਏ-ਵੰਡਦੇ ਨੇ ਰੰਗ ਨੀ
ਰੰਗ ਪੈਦਾ ਕਰਦੇ ਨੇ-ਦਿਲ 'ਚ ਤਰੰਗ ਨੀ
ਫੁੱਲਾਂ ਦੀਆਂ ਪੱਤੀਆਂ ਦਾ ਪਿਆਰ ਵਿਚ ਰੱਤੀਆਂ ਦਾ

ਭੋਰਾ ਵੀ ਨਾ ਖਾਵਾਂ ਮੈਂ ਵਿਸਾਹ ਨੀ ਅੰਮੜੀਏ..
*ਚਿੱਤ ਕਰੇ ਧੁੱਪ ਵਿਚੋਂ ਸੱਤੇ ਰੰਗ ਚੁੱਕ ਲਾਂ.
ਉਨ੍ਹਾਂ ਨੂੰ ਲੁਕਾ ਲਵਾਂ ਜਾਂ ਉਨਾਂ ਵਿਚ ਲੁੱਕ ਜਾਂ
ਹੋਰ ਕੀ ਮੈਂ ਕਰਾਂ ਦੱਸ-ਪੈਰ ਕਿਥੇ ਧਰਾਂ ਦੱਸ
ਪਾ ਦੇ ਪੈਰਾਂ ਮੇਰਿਆਂ ਨੂੰ ਰਾਹ-ਨੀ ਅੰਮੜੀਏ ...
*ਮਨ 'ਚ ਮੁਹੱਬਤਾਂ ਦੀ ਨਦੀ ਪਈ ਵਗਦੀ
ਨਦੀ ਪਈ ਵਗਦੀ ਏ ਕਿੰਨੀ ਸੋਹਣੀ ਲੱਗਦੀ
ਪੈਰਾਂ ਵਿਚ ਤੋਰ ਆ ਗਈ
ਨੈਣਾਂ ਵਿਚ ਲੋਰ ਆ ਗਈ
ਤੋਰ ਨੂੰ ਤੇ ਲੋਰ ਨੂੰ ਮਿਲਾ -ਨੀ ਅੰਮੜੀਏ
ਏਨੀਆਂ-ਪਾਬੰਦੀਆਂ ਨਾ ਲਾ. . .

ਵੇ ਕਿਤੇ!

ਹੱਸਦਾ ਤੇ ਗਾਉਂਦਾ ਰਹੀਂ
ਚਿੱਠੀ ਚੀਰਾ ਪਾਉਂਦਾ ਰਹੀਂ
ਹੱਥੀਂ ਪਰਦੇਸ ਤੈਨੂੰ ਘੱਲਿਆ ਰੁਪਈਏ ਲਾ ਕੇ
ਹੋਵੇ ਨਾ ਵਿਛੋੜਾ ਤਾਂ ਵੀ ਜਰ ਪੁੱਤਰਾ
ਵੇ ਕਿਤੇ ! ਐਸ਼ੀ ਨੇ ਵਸਾ ਕੇ ਬਹਿਜੀ ਘਰ ਪੁੱਤਰਾ
ਵੇ ਕਿਤੇ!
* ਤੂੰ ਏ ਬੁੱਢੇ ਬਾਪ ਦੀ ਡੰਗੋਰੀ ਭੁੱਲ ਜਾਈਂ ਨਾ
ਅੰਮੜੀ ਨਿਮਾਣੀ ਦੀ ਵੇ ਲੋਰੀ ਭੁੱਲ ਜਾਈਂ ਨਾ
ਤੇਰੇ ਬਿਨਾ ਤੇਰੇ ਬੁੱਢੇ ਮਾਪਿਆਂ ਨੂੰ ਕੌਣ ਪੁੱਛੂ
ਤੇਰੇ ਬਿਨਾ ਸਕਣਾ ਨਾ ਸਰ ਪੁੱਤਰਾ
ਵੇ ਕਿਤੇ ! ਐਸ਼ੀ ਨੇ ਵਸਾ ਕੇ ਬਹਿ ਜਾਈ ਘਰ ਪੁੱਤਰਾ
ਵੇ ਕਿਤੇ!
*ਪੈਸੇ ਬਿਨ ਸਾਡੇ ਲਈ ਰੱਖਿਆ ਕੀ ਬਾਹਰ ਵੇ

ਤੋਰਦੀ ਕਿਉਂ ਏਥੇ ਮਿਲ ਜਾਂਦਾ ਰੁਜ਼ਗਾਰ ਜੇ
ਡਾਲਰਾਂ ਦੀ ਦੁਨੀਆਂ ਵਿਚ ਪਿੰਡ ਦਾ ਖਿਆਲ ਰੱਖੀਂ
ਰੱਜ ਕੇ ਕਮਾਈ ਊਂ ਤਾਂ ਕਰ ਪੁੱਤਰਾ-ਵੇ ਕਿਤੇ--
*ਸੁਪਨੇ 'ਚ ਮੈਂ ਤਾਂ ਨਿੱਤ ਭਾਲਾਂ ਤੇਰਾ ਮੁੱਖ ਵੇ
ਔਖਾ ਸੌਖਾ ਕੱਟ ਲਵੀਂ ਪਿਆ ਕੋਈ ਦੁੱਖ ਜੇ
ਤੇਰੀ ਨਿੱਕੀ ਭੈਣ ਲਈ ਆਪਣੇ ਮਕਾਨ ਦਾ ਵੇ
ਨਿੱਤ ਛੋਟਾ ਹੁੰਦਾ ਜਾਵੇ, ਦਰ ਪੁੱਤਰਾ ਵੇ-ਕਿਤੇ!. . .
*ਰੱਖਿਆ ਤੂੰ ਉਹਲਾ ਤੈਨੂੰ ਸਹੁੰ ਉਹਦੇ ਪਿਆਰ ਦੀ
ਭੁੱਲੀ ਨਾ ਤੂੰ ਉਹਨੂੰ ਗੇੜਾ ਦੂਜੇ ਚੌਥੇ ਮਾਰਦੀ
ਊਂ ਤਾਂ ਕਹਿੰਦੀ 'ਮਾਲਵੇ ' ਤੇ ਮਾਣ ਪੂਰਾ ਪੂਰਾ ਤਾਂ ਵੀ
ਖਾਂਦਾ ਏ ਵਿਦੇਸਣਾਂ ਦਾ ਡਰ ਪੁੱਤਰਾ,
ਵੇ ਕਿਤੇ! ਐਥ੍ਹੀ ਨਾ ਵਸਾ ਕੇ ਬਹਿਜੀ ਘਰ ਪੁੱਤਰਾ।

ਮੈ ਅੱਜ

ਹੱਥ ਵੀ ਕੰਬਦੇ ਸ਼ਬਦ ਵੀ ਸੰਗਦੇ
ਅੜਿਆ ਸਾਥ ਕਲਮ ਦਾ ਮੰਗਦੇ
ਦਿਲ ਦੀ ਗੱਲ ਤੈਨੂੰ ਕਹਿਣ ਲਈ ਮੈਂ
ਕਿੰਨੇ ਚਿਰ ਤੋਂ ਸੋਚਦੀ ਸਾਂ
ਮੈਂ ਅੱਜ ਪਹਿਲੀ ਵਾਰ ਲਿਖਿਆ
ਇਕ ਖ਼ਤ ਸੱਜਣਾ ਵੇ ਤੇਰੇ ਨਾਂ-ਮੈਂ ਅੱਜ. ..
* ਮੋਹ ਨੈਣਾ ਵਿਚ ਨੀਰ ਬਣ ਗਿਆ
ਹਰ ਅੱਖਰ ਤਸਵੀਰ ਬਣ ਗਿਆ
ਲਿਖਦੀ ਲਿਖਦੀ ਨੂੰ ਰੁਕਦੀ ਵੇਖ ਕੇ
ਕੀ ਲਿਖਦੀ ਏ ਪੁੱਛੇ ਮਾਂ ਦੱਸ ਉਹਨੂੰ ਮੈਂ ਕੀ ਕਹਾਂ
ਮੈਂ ਅੱਜ ਪਹਿਲੀ ਵਾਰ ਲਿਖਿਆ. . . . .
*ਵੇਖ ਲਵੇ ਨਾ ਕਿਤੇ ਜ਼ਮਾਨਾ

ਚਿੱਠੀ ਵਿਚ ਦਿਲ ਦਾ ਨਜ਼ਰਾਨਾ
ਜੱਗ ਦੀਆਂ ਨਜ਼ਰਾਂ ਬਹੁਤ ਹੀ ਬੁਰੀਆਂ
ਕੀਹਦੀ ਕੀਹਦੀ ਤੱਕਣੀ ਸਹਾਂ
ਲੁੱਕ ਲੁਕ ਬਚਦੀ ਰਹਾਂ.. ਮੈਂ ਅੱਜ ਪਹਿਲੀ ਵਾਰ ਲਿਖਿਆ
*ਮੇਰਾ ਅੰਗ ਅੰਗ ਗੀਤ ਬਣ ਗਿਆ
ਤੂੰ ਜਿਸ ਦਿਨ ਦਾ ਮੀਤ ਬਣ ਗਿਆ
ਸੱਚ ਮੰਨ ਸੱਜਣਾਂ -ਤੂੰ ਆਕੇ ਵੇਖ ਕਿਵੇਂ
ਖਿੜ ਖਿੜ ਉੱਠਦੀ ਉਹ ਥਾਂ
ਜਿੱਥੇ ਜਿੱਥੇ ਪੈਰ ਮੈਂ ਧਰਾਂ, ਮੈਂ ਅੱਜ ਪਹਿਲੀ ਵਾਰ ਲਿਖਿਆ
*ਬੋਲ ਹੋ ਗਿਆ ਸ਼ਰਬਤ ਵਰਗਾ
ਸਿਦਕ ਹੋ ਗਿਆ ਪਰਬਤ ਵਰਗਾ
ਖੁੱਲ ਕੇ ਮਿਲਣ ਤੋਂ ਫਿਰ ਵੀ 'ਮਾਲਵੇ'
ਕਦੇ ਕਦੇ ਬਹੁਤ ਡਰਾਂ ਕੀ ਇਸ ਡਰ ਦਾ ਕਰਾਂ,
ਮੈਂ ਅੱਜ ਪਹਿਲੀ ਵਾਰ ਲਿਖਿਆ
ਇਕ ਖ਼ਤ ਸੱਜਣਾ ਵੇ ਤੇਰੇ ਨਾ -ਮੈਂ ਅੱਜ. . .

ਹਰਨੇਕ ਰਾਮਪੁਰੀ

ਗੀਤ

ਦਿਲ ਆਪਣੇ ਦੇ ਰਾਜ਼ ਦੀ
ਕਿਸ ਨਾਲ ਗੱਲ ਕਰਾਂ
ਜਗ ਹਸਾਈ ਨਾ ਹੋ ਜਾਏ
ਇਸ ਗੱਲੋਂ ਵੀ ਡਰਾਂ

ਸੱਤ ਸਮੁੰਦਰੋਂ ਪਾਰ ਬੈਠੀ
ਹੁਣ ਉਹ ਚੁੱਪ ਹੈ ਧਾਰੀ
ਉਮਰਾਂ ਦੀ ਕਮਾਈ ਲੈ ਗਈ
ਨਾਲੇ ਫੁੱਲ ਕਿਆਰੀ
ਏਥੇ ਹਾਲੇ ਬੋਟਾਂ ਤਾਈ
ਇਕਠੇ ਚੋਗ ਕਰਾਂ

ਦੂਜੇ ਦੀ ਕਮਜੋਰੀ ਤੋਂ
ਹਰ ਕੋਈ ਲਾਭ ਉਠਾਵੇ
ਨਾਲ ਜ਼ਜ਼ਬਾਤਾਂ ਦੇ ਖੇਡੇ
ਮਿੰਨਾ ਜਿਹਾ ਮੁਸਕਾਵੇ
ਆਪਣੇ ਹਉਮੈਂ ਮਾਰ ਕੇ
ਤੋਹਮਤ ਕਿੰਝ ਜਰਾਂ

ਉਮਰਾਂ ਦੀ ੜਕਾਲ ਆਈ
ਲੰਗੇ ਹੋਏ ਪਰਛਾਵੇਂ
ਵਿਸਰਦੇ ਜਾਂਦੇ ਨੇ ਹੁਣ
ਆਪਣਿਆਂ ਦੇ ਸਿਰਨਾਵੇਂ

ਰੀਝਾਂ ਨਾ ਚਿਤਰੇ ਸਵੈ ਨੂੰ
ਗੂੜੇ ਰੰਗ ਭਰਾਂ

ਦਿਲ ਆਪਣੇ ਦੇ ਰਾਜ ਦੀ
ਕਿਸ ਨਾਲ ਗੱਲ ਕਰਾਂ
ਜੱਗ ਹਸਾਈ ਨਾ ਹੋ ਜਾਏ
ਇਸ ਗੱਲੋਂ ਵੀ ਡਰਾਂ

ਗੀਤ

ਚੱਲਾਂਗੇ ਓ ਸਾਥੀਆ, ਸੁਣਾਂਗੇ ਸੁਣਾਵਾਂਗੇ
ਮਿਲਾ ਸੁਰ ਤਾਲ ਆਪਾਂ ਗੀਤ ਗਾਵਾਂਗੇ

ਹੱਥ ਫੜ ਚੱਲਾਂਗੇ, ਆਪਾਂ ਫੇਰ ਸੀਮਾਂ ਤੱਕ
ਕਰ ਦੂਰ ਹਨੇਰੇ ਚਾਨਣਿਆਂ ਰਾਹਾਂ ਤੱਕ
ਭਾਈਚਾਰੇ ਸਾਂਝੇ ਦੇ ਦੀਪ ਜਗਾਵਾਂਗੇ

ਨਦੀ ਪੰਛੀ ਹਵਾ ਰੋਜ ਆਂਦੇ ਜਾਂਦੇ ਨੇ
ਸੁਨੇਹੇ ਆਰ ਪਾਰ ਦੇ ਕੇ ਮੁੜ ਜਾਂਦੇ ਨੇ
ਬੇ-ਰੋਕ ਟੋਕ ਹੁਣ ਅਸੀਂ ਆਵਾਂ ਜਾਵਾਂਗੇ

ਝੂੰਮਰ ਗਿੱਧਾ, ਭੰਗੜਾ, ਘੋਲ ਕਬੱਡੀ ਵੀ
ਹੋਈ ਵੰਡ ਖੂਨੀ ਓਸ ਵੇਲੇ ਛੱਡੀ ਸੀ
ਰਾਹ ਖੁੱਲੇ ਹੁਣ ਸਾਂਝੇ ਜਸ਼ਨ ਮਨਾਵਾਂਗੇ

ਨਾਨਕ ਫਰੀਦ ਸਾਡੇ ਅਤਿ ਸਤਿਕਾਰੇ ਨੇ
ਮੰਟੋ, ਫੈਜ, ਅੰਮ੍ਰਿਤਾ ਇਕੋ ਜਿੰਨੇ ਪਿਆਰੇ ਨੇ
ਹੀਰ-ਰਾਂਝਾ, ਮਿਰਜਾ ਹੇਕ ਲਾ ਕੇ ਗਾਵਾਂਗੇ।

ਊਰਜਾ

ਬਹੀ ਖਾਤੇ ਪਾਸ ਬੁੱਕਾਂ ਤੇ ਅੰਕਿਤ ਰਕਮਾਂ
ਲਾਕਰ ਵਿਚ ਪਏ ਸੋਨੇ ਦੇ ਗਹਿਣੇ
ਜਾਇਦਾਦ, ਵਸੀਅਤ, ਫਰਦ, ਇੰਤਕਾਲ
ਕੁਰਾਨ, ਗੀਤਾ, ਗ੍ਰੰਥ, ਜਾਂ ਬਾਈਬਲ ਨਹੀਂ ਹੁੰਦੇ
ਇਕ ਹੌਂਸਲਾ ਹੁੰਦੇ ਨੇ
ਅਹਿਸਾਸ ਜਿਹਾ ਰਹਿੰਦਾ ਹੈ
ਪੱਲਾ ਖਾਲੀ ਨਹੀਂ
ਗੋਲ ਗੋਲ ਡਾਲਰ ਚਮਕਦੇ ਰੁਪਏ ਸਿੱਕੇ
ਮਾਸੂਮ ਜਿਹੇ ਮੁਸਕਰਾਂਦੇ ਚਿਹਰੇ ਦਾ ਬਦਲ ਨਹੀਂ
ਜਿੰਨਾਂ ਨੂੰ ਤੁਸੀਂ ਕਰੈਚ, ਨੈਨੀ ਜਾਂ ਆਇਆ
ਦੇ ਹਵਾਲੇ ਕਰ ਜਾਂਦੇ ਹੋ
ਜਾਂ ਕੁਝ ਸਿੱਕੇ ਟਿੱਪ ਲਈ ਛੱਡ ਜਾਂਦੇ ਹੋ
ਵਕਤ ਰੁਕਦਾ ਨਹੀ ਪਰਤ ਕੇ ਪਿਛੇ ਦੇਖਿਆ ਤਾਂ ਜਾ ਸਕਦੈ
ਕੀ ਕਮਾਇਆ ਕੀ ਗੰਵਾਇਆ, ਕੀ ਖੋਇਆ ਹੁਣ ਤੱਕ
ਸਫੈਦ ਨੂੰ ਕਾਲਾ ਰੰਗ ਕੇ ਜਵਾਨ ਨਹੀਂ ਹੁੰਦੇ
ਦੂਜਿਆਂ ਤੇ ਮਗਜ਼ ਪੱਚੀ ਛੱਡੋ
ਆਪਣੇ ਅੰਦਰ ਝਾਤ ਮਾਰੋ, ਕਿੱਥੇ ਖੜ੍ਹੇ ਹੋ?
ਹਫ਼ ਜਾਣਾ ਜਰੂਰੀ ਨਹੀਂ
ਦਮ ਲੈਣਾ ਵੀ ਜਰੂਰੀ ਹੈ
ਤਾਂ ਕਿ ਊਰਜਾ ਸਾਂਭੀ ਜਾ ਸਕੇ
ਬਚਾਈ ਪੂੰਜੀ ਵਾਂਗ ਹੀ ਕੰਮ ਆ ਸਕੇ।

ਤੌਖ਼ਲਾ

ਮਾਂ ਦੀ ਮਮਤਾ, ਪਿਓ ਦਾ ਤਿਓ
ਭਾਈਚਾਰੇ ਦੇ ਪਿਆਰ ਨੂੰ ਤੱਜ ਕੇ

ਪੂਰਬ ਤੋਂ ਪੱਛਮ ਮਾਰ ਉਡਾਰੀ
ਡਾਲਰਾਂ ਪਿੱਛੇ ਭੱਜ ਕੇ
ਕਿਥੋਂ ਕਿਥੇ ਆ ਗਿਆ ਏਂ?
ਖੂਬਸੂਰਤ ਹੈ ਚਿੱਟੀ ਚਮੜੀ ਬਿੱਲੀਆਂ ਅੱਖਾਂ
ਦਿਲ ਤੱਕ ਦਾ ਰਾਹ ਮੋਹ-ਭਿੱਜਾ ਨਹੀਂ
ਵਫਾ, ਮੁਹੱਬਤ, ਰਿਸ਼ਤੇਦਾਰੀ ਸਭ ਸਵਾਰਥਾਂ ਨਾਲ ਜੁੜੇ ਨੇ
ਏਥੇ ਸਾਰੇ ਡਾਲਰਾਂ ਕੋਲੋਂ ਥੁੜੇ ਨੇ
ਨਿਆਸਰਾ ਫਾਲ ਦੀ ਵਿਸ਼ਾਲਤਾ
ਸੀ.ਐਨ. ਟਾਵਰ ਦੀ ਉਚਾਈ
ਚਿਰਿਤਰ ਨਾਲ ਮੇਲ ਨੀ ਖਾਂਦੀ
ਖੁੱਲੀਆਂ ਸਾਫ਼ ਤੇ ਸੁੰਦਰ ਸੜਕਾਂ
ਲਹੂ ਪਸੀਨੇ ਦੀ ਕਮਾਈ
ਕਾਰਾਂ ਕੋਠੀਆਂ ਲੋੜ ਦੀਆਂ ਵਸਤਾਂ
ਕਿਸ਼ਤਾਂ ਵਿਚ ਸਭ ਮਿਲਦੀਆਂ
ਆਦਮੀ ਏਥੇ ਕਿਸ਼ਤਾਂ ਵਿਚ ਜੀਦੈ
ਬਿਲਾਂ, ਟੈਕਸਾਂ ਦੀਆਂ ਰਕਮਾਂ ਦੇਖ ਅੱਖਾਂ ਪਥਰਾ ਜਾਦੀਆਂ
ਪੱਛਮੀ ਸੱਭਿਅਤਾ ਦੇ ਨੰਗੇਪਣ ਤੋਂ ਡਰ ਲੱਗੇਗਾ
ਹੁਸਨ ਆਪਣਾ
ਫੁਲਕਾਰੀ ਕੱਜਿਆ ਨਹੀਂ ਲੱਭੇਗਾ
ਕੀ ਨਹਿਰ ਕਿਨਾਰੇ ਕੋਸੀ ਧੁੱਪ ਤੇ ਗੀਤਾਂ ਦੀ ਧੁਨ ਭੁੱਲ ਪਾਏਂਗਾ
ਭੌਤਕ ਸੁੱਖ ਤਾਂ ਮਿਲ ਜਾਣਗੇ
ਮਨ ਨੂੰ ਕਰਾਰ
ਚੈਨ ਦਿਲ ਨੂੰ ਨਹੀਂ ਮਿਲੇਗਾ
ਬਹੁਤ ਕੁਝ ਪਾ ਕੇ ਕੁਝ ਖੋ ਜਾਣ ਦਾ ਡਰ
ਕਿਵੇਂ ਭੁੱਲ ਸਕੇਂਗਾ
ਸ਼ਰਮ ਹਿਆ ਲਿਹਾਜ਼ ਜਹੇ ਸ਼ਬਦਾਂ ਨੂੰ ਤਰਸੇਂਗਾ

ਆਜਾਦੀ ਥੱਲੇ ਲੁਕੀ ਗੁਲਾਮੀ ਦਾ ਅਹਿਸਾਸ ਪਲੇਗਾ
ਰਿਸ਼ਤਿਆਂ ਦੇ ਟੁੱਟਣ ਦਾ ਤੌਖਲਾ
ਹਰ ਦਮ ਤੇਰਾ ਪਿੱਛਾ ਕਰੇਗਾ।

ਹਿਮ-ਆਂਚਲ

ਉਸ ਦੀਆਂ ਅਖਾਂ ਵਿਚ ਮੁਸਕ੍ਰਾਂਦੀ ਹੈ
ਨਰਗਿਸ ਦੀ ਤਾਜ਼ਗੀ
ਉਸਦੇ ਚਿਹਰੇ ਤੇ ਖਿਲਦੇ ਨੇ
ਸੇਵ ਤੇ ਕਚਨਾਰ ਦੇ ਫੁੱਲ
ਉਸਦੇ ਬੋਲਾਂ 'ਚੋਂ ਆਉਂਦੀ ਹੈ
ਕਿਸੇ ਝਰਨੇ ਦੀ ਛਨਕਾਰ
ਕੰਨਾਂ 'ਚ ਗੂੰਜਦੀ ਹੈ
ਵਾਦੀ 'ਚ ਵੱਜਦੀ ਵੰਝਲੀ ਵਾਂਗ
ਖੇਤਾਂ ਵਿਚੋਂ ਆਉਂਦਾ ਹੈ ਹੇਕਾਂ ਦਾ ਸੰਗੀਤ
ਉਸਦਾ ਕੱਦ ਹੈ ਕੈਲਾਸ਼ ਪਰਬਤ ਜਿਹਾ
ਜੋਬਨ ਹੈ ਗਗਨ ਚੁੰਮਦੀਆਂ ਚੋਟੀਆਂ ਵਰਗਾ
ਉਸਦੀ ਤੋਰ ਹੈ ਮਚਲਦੀ ਚੰਚਲ ਨਦੀ ਜਿਹੀ
ਬਰਫ਼ ਧੁੰਦ ਤੇ ਬੱਦਲ, 'ਚ ਲੁਕਦਾ
ਤੇ ਉਭਰਦਾ ਉਸਦਾ ਆਕਾਰ
ਸੁਪਨ ਪਰੀ ਜਿਉਂ ਹੋ ਜਾਏ ਸਾਕਾਰ
ਦੰਦ ਹਿੰਮ ਫੁੱਟੀਆਂ ਜਿਹੇ
ਤੇ ਵਾਲਾ ਵਿਚ ਅਟਕੇ ਤੁੰਬੇ
ਗਹਿਰੀ ਰਾਤ ਵਿਚ ਚਮਕਦੇ ਸਿਤਾਰੇ ਜਿਵੇਂ
ਉਹ ਸਿਰਫ਼ ਹਿਮ ਜਾਈ ਨਹੀਂ
ਉਸਦੀ ਰਚਨਾ ਦਾ ਹਿੱਸਾ ਹੈ, 'ਹਿਮਾਲਯ'
ਤੇ ਉਸਦੇ ਆਂਚਲ ਵਿਚ ਹੈ 'ਹਿਮ-ਪ੍ਰਦੇਸ਼'।

ਹਰਜਿੰਦਰ ਸਿੰਘ ਲਾਲ ਫਿਰੋਜ਼ਪੁਰੀ

ਗ਼ਜ਼ਲ

ਚਿਹਰੇ 'ਤੇ ਮੁਸਕਾਨ ਲਿਆ ਕੇ ਅੱਖਾਂ ਨਾ ਫਿਰ ਭਰ ਵੇ ਮਾਹੀ।
ਏਦਾਂ ਤੇ ਦਿਲ ਮੇਰਾ ਡੁੱਬਦੈ, ਏਦਾਂ ਨਾ ਤੂੰ ਕਰ ਵੇ ਮਾਹੀ।
ਦਿਲ ਦੀ ਪੀੜ ਲੁਕਾ ਕੇ ਰੱਖਣੀ, ਹਾਰੀ ਸਾਰੀ ਦੇ ਵਸ ਕਿੱਥੇ?
ਹੁਨਰ ਬੜਾ ਇਹ ਔਖਾ ਸਿਖਣੈ, ਦਿਲ '+ਤੇ ਪੱਥਰ ਧਰ ਵੇ ਮਾਹੀ।
ਅਪਣਾ ਕਹਿ ਕੇ ਦਗ਼ਾ ਕਮਾਉਣਾ, ਇਹ ਤੇ ਚੰਗੀ ਬਾਤ ਨਹੀਂ ਹੈ,
ਆਖਰ ਦੇ ਦਿਨ ਕੀ ਆਖੇਂਗਾ? ਕੁਝ ਤਾਂ ਰਬ ਤੋਂ ਵੇ ਮਾਹੀ।
ਹੱਸਣਾ ਰੋਣਾ ਸਿਮਰਨ ਪੀੜਾ ਮਨ ਦੇ ਵੱਖ ਵੱਖ ਰੰਗ ਨੇ ਸੱਜਣਾ,
ਰੱਬ ਨੂੰ ਪਾਉਣਾ ਕੀ ਔਖਾ ਹੈ, ਮਨ 'ਤੇ ਕਾਬੂ ਕਰ ਵੇ ਮਾਹੀ।
ਹਰ ਨ੍ਹੈਰਾ ਹੀ ਮੁੱਕ ਜਾਂਦਾ ਹੈ, ਰਾਤੋਂ ਬਾਦ ਸਵੇਰਾ ਹੁੰਦੈ,
ਬਾਤ ਸਮੇਂ ਦੀ ਹੁੰਦੀ ਹੈ ਬੱਸ ਕੁਝ ਪਲ ਪੀੜਾ ਜਰ ਵੇ ਮਾਹੀ।
ਏਨਾ ਰੋਸਾ ਵੀ ਕੀ ਹੋਇਆ, ਕੁਝ ਨਾ ਕਹਿਣਾ ਤੇ ਚੁਪ ਰਹਿਣਾ
ਮਰ ਨਾ ਜਾਵਾਂ ਸਾਹ ਘੁਟ ਕੇ ਮੈਂ ਕੁਝ ਤੇ ਬਾਤਾਂ ਕਰ ਵੇ ਮਾਹੀ।
ਦਿਹੁੰ ਚੜ੍ਹਦੈ ਦੀ ਲਾਲੀ ਚਮਕੀ, ਰਾਤ ਦੀ ਕਾਲਖ਼ ਮੁਕਦੀ ਜਾਵੇ,
ਸੂਹਾ 'ਲਾਲ' ਸੁਨਹਿਰਾ ਚਾਨਣ ਅੱਖਾਂ ਦੇ ਵਿਚ ਭਰ ਵੇ ਮਾਹੀ।

ਗ਼ਜ਼ਲ

ਮਰਨ ਤੋਂ ਜੇ ਨਾ ਡਰੋ ਤਾਂ ਮੌਤ ਵੀ ਪੈਰੀਂ ਪਵੇਗੀ।
ਸੱਚ ਲਈ ਜੇਕਰ ਮਰੋ ਤਾਂ ਜ਼ਿੰਦਗੀ ਪੈਰੀਂ ਪਵੇਗੀ।

ਦਿਲ ਨਾ ਛੱਡੋ ਆਦਮੀ ਤਾਂ ਆਦਮੀ ਖੁਦ ਹੀ ਖੁਦਾ ਹੈ,
ਹੌਂਸਲਾ ਰੱਖੋ ਜ਼ਰਾ ਤਾਂ ਬੇਬਸੀ ਪੈਰੀਂ ਪਵੇਗੀ।

ਮੈਂ ਖੁਦਾ ਹਾਂ! ਮੈਂ ਖੁਦਾ ਹਾਂ! ਮੈਂ ਖੁਦਾ ਹਾਂ! ਮੈਂ ਖੁਦਾ ਹਾਂ!
ਜਾਣ ਲਉਗੇ ਇਹ ਹਕੀਕਤ ਤਾਂ ਖੁਦੀ ਪੈਰੀਂ ਪਵੇਗੀ।

ਰਾਤ ਮੱਸਿਆ ਦੀ ਹੈ ਤਾਂ ਕੀ, ਮੈਂ ਵੀ ਤੇ ਜੁਗਨੂੰ ਹਾਂ ਜ਼ਿੰਦਾ,
ਮੈਂ ਜਾਗਾਗਾਂ, ਵੇਖ ਲੈਣਾ, ਤੀਰਗੀ ਪੈਰੀਂ ਪਵੇਗੀ।

ਜੇ ਕਿਸੇ ਮਜ਼ਲੂਮ ਦੇ ਹੰਝੂ ਹਸਾਵੁਣੇ ਸਿੱਖ ਲਵੇਂ ਤੂੰ,
ਹਰ ਖੁਸ਼ੀ ਪੈਰੀਂ ਪਵੇਗੀ, ਬੰਦਗੀ ਪੈਰੀਂ ਪਵੇਗੀ।

ਜਿੰਦਗੀ ਹੈ ਚਾਰ ਦਿਨ ਦੀ, ਵਾਰ ਦੇ ਇਨਸਾਫ਼ ਤੋਂ ਇਹ,
ਚਾਰ ਦਿਨ ਦੀ ਬਾਤ ਕੀ ਹੈ? ਹਰ ਸਦੀ ਪੈਰੀਂ ਪਵੇਗੀ

ਕਮਲਜੀਤ ਮਾਂਗਟ

ਗ਼ਜ਼ਲ

ਜਦ ਤੋਂ ਮਿਰੇ ਹਿੱਸੇ 'ਚ ਆਇਆ ਹੈ ਸਫ਼ਰ।
ਪਲ ਪਲ ਰੁਆਇਆ ਤੇ ਹਸਾਇਆ ਹੈ ਸਫ਼ਰ
ਤੁਰਦਾ ਗਿਆ ਹਾਂ ਮੈਂ ਗਵਾ ਕੇ ਨੀਂਦਰਾਂ
ਸੌ ਵਾਰੀ ਹੈ ਮੈਨੂੰ ਅਜਮਾਇਆ ਸਫ਼ਰ
ਨਾ ਰੋਕ ਸਕੀਆਂ ਗਰਮੀਆਂ, ਨਾ ਸਰਦੀਆਂ
ਮੈਂ ਆਪਣੇ ਤਨ ਤੇ ਹੰਢਾਇਆ ਹੈ ਸਫ਼ਰ
ਕੀ ਹਾਲ ਹੈ ਤੇਰੇ ਬਿਨਾਂ, ਤੂੰ ਪੁੱਛ ਨਾ
ਮੈਂ ਕਿਸ ਤਰ੍ਹਾਂ ਅੱਗੇ ਵਧਾਇਆ ਹੈ ਸਫ਼ਰ
ਮੈਂ ਜ਼ਖ਼ਮ ਤੇ ਵੀ ਰੱਖ ਨਾ ਸਕਦਾ ਫਹੇ
ਸੁੱਖ ਚੈਨ ਸਭ ਦਿਲ ਦਾ ਗਵਾਇਆ ਹੈ ਸਫ਼ਰ
ਹੁਣ ਮੌਤ ਵੀ ਆਵੇ ਜ਼ਰਾ ਅਫ਼ਸੋਸ ਨਾ
ਮੈਥੋਂ ਕਦੋਂ ਜਾਂਦਾ ਭੁਲਾਇਆ ਹੈ ਸਫ਼ਰ
ਨਾ ਜ਼ਿੰਦਗੀ ਤੇ ਹੈ ਗਿਲਾ ਕੋਈ ਕਮਲ
ਮੈਂ ਖੁਦ ਗ਼ਲੇ ਹੱਸਕੇ ਲਗਾਇਆ ਹੈ ਸਫ਼ਰ

ਗ਼ਜ਼ਲ

ਬਿਨ੍ਹਾਂ ਤੇਲ ਤੋਂ ਦੀਵੇ ਵਾਂਗ ਨਕਾਰਾ ਹਾਂ ਮੈਂ
ਇਕ ਡੂੰਘੀ ਜਿਹੀ ਆਸ ਦਾ ਹੁੰਗਾਰਾ ਹਾਂ ਮੈਂ
ਦੁੱਖ ਸਹਿ ਜਾਣਾ ਮੂੰਹੋ ਕੁਝ ਵੀ ਨਾ ਕਹਿਣਾ
ਅੰਬਰੋ ਟੁੱਟਿਆ ਚਮਕਦਾ ਤਾਰਾ ਹਾਂ ਮੈਂ
ਬੇੜੀ ਜੋ ਘਿਰ ਗਈ ਏ ਵਿਚ ਤੁਫ਼ਾਨਾ ਦੇ
ਉਸ ਘਿਰੀ ਹੋਈ ਬੇੜੀ ਦਾ ਕਿਨਾਰਾ ਹਾਂ ਮੈਂ

ਕਰਦਾ ਸੀ ਦਾਅਵਾ ਕਿ ਲਈ ਹੈ ਜਿੱਤ ਬਾਜ਼ੀ
ਉਹ ਬਾਜ਼ੀ ਤਾਂ ਆਪਣਿਆਂ ਤੋਂ ਹਾਰਾ ਹਾਂ ਮੈਂ
ਗਮ ਦਿਲ 'ਚ ਅਨੇਕਾਂ ਛੁਪਾਏ ਤਾਂ ਨਾ ਜਾਂਦੇ
ਪਹਾੜਾਂ ਤੋਂ ਡਿੱਗਦੀ ਇਕ ਧਾਰਾ ਹਾਂ ਮੈਂ।

ਗ਼ਜ਼ਲ

ਮਿਹਨਤ ਫ਼ਲਦੀ ਹੈ ਸਦਾ, ਨਾ ਜਾਂਦੀ ਬੇਕਾਰ
ਮਿਹਨਤ ਕਿਸਮਤ ਲਿਖਦੀ, ਮਿਹਨਤ ਹੈ ਕਰਤਾਰ
ਲੋੜੋਂ ਬਹੁਤਾ ਮਾਣ ਵੀ ਬਣ ਜਾਂਦੈ ਹੰਕਾਰ
ਹਉਮੈਂ ਬੇੜਾ ਡੋਬਦੀ, ਕਦੇ ਨਾ ਲਾਉਂਦੀ ਪਾਰ
ਸਿਰ ਤੇ ਪੈਣ ਮੁਸੀਬਤਾਂ, ਸਮਝ ਨਾ ਲੈਣਾ ਭਾਰ
ਜੇ ਮੰਜ਼ਿਲ ਤੇ ਪਹੁੰਚਣਾ, ਹੱਸਕੇ ਪੀੜ ਸਹਾਰ
ਗੁਣ ਕਿਧਰੇ ਜੇ ਆ ਗਿਆ ਕੋਈ ਤੇਰੇ ਹੱਥ
ਮਿਹਰ ਖੁਦਾ ਦੀ ਸਮਝਣਾ, ਨਾ ਸਮਝੀਂ ਹਥਿਆਰ
ਜਿਹੜੇ ਤੈਨੂੰ ਆਖਦੇ, ਅੱਜ ਖੜ੍ਹੇ ਹਾਂ ਨਾਲ
ਭੀੜ ਪਈ ਤੋਂ ਕਦ ਇਨ੍ਹਾਂ ਪੁੱਛਣੀ ਤੇਰੀ ਬਾਤ।

ਕਵਿਤਾ–ਹਵਾ ਦਾ ਬੁੱਲਾ

ਮੈਂ ਤਾਂ ਉਸ ਹਵਾ ਦੇ ਬੁੱਲੇ ਵਾਂਗ ਹਾਂ
ਜੋ ਬੜਾ ਤੇਜ ਆਇਆ
ਤੈਨੂੰ ਛੂਹ ਕੇ ਲੰਘ ਗਿਆ
ਤੇ ਇਕ ਹੌਂਕਾ ਵੀ ਭਰ ਗਿਆ
ਮੁੜਕੇ ਪਤਾ ਨਹੀਂ
ਮਿਲਣਾ ਵੀ ਹੈ ਜਾਂ ਨਹੀਂ
ਸ਼ਾਇਦ ਤੈਨੂੰ
ਪਤਾ ਵੀ ਨਹੀਂ ਹੋਣਾ

ਕਿ ਮੈਂ ਕਦੋਂ ਆਇਆ
ਕਦੋਂ ਚਲੇ ਗਿਆ
ਤੂੰ ਆਪਣੇ ਖਿਆਲਾਂ ਦੀ ਦੁਨੀਆਂ 'ਚ
ਪਤਾ ਨਹੀਂ ਕਿੱਥੇ ਸੀ
ਤੂੰ ਆਪਣੇ ਮਨ ਦੇ ਕੋਲ ਸੀ
ਜਾਂ ਫੇਰ ਆਪਣੇ ਮਨ ਤੋਂ ਵੀ ਦੂਰ
ਪਰ
ਮੈਂ ਤੇਰੇ ਕੋਲ ਆ ਕੇ
ਤੈਨੂੰ ਇਕ ਹਲੂਣਾ ਜਿਹਾ ਦਿੱਤਾ
ਤੇਰੇ ਸਾਹਾਂ ਦੇ ਵਿਚ
ਇਕ ਠੰਢ ਜਿਹੀ ਪਾ ਕੇ
ਅੱਗੇ ਚਲਿਆ ਗਿਆ
ਜਾਂਦਿਆਂ ਜਾਂਦਿਆਂ
ਇਹੋ ਸੋਚਦਾ ਰਿਹਾ
ਕਿ ਕਦੇ ਫੇਰ
ਮੈਂ ਤੇਰੇ ਕੋਲ ਆਵਾ
ਜੋ ਨਿੱਘ ਮੈਂ
ਤੇਰੇ ਕੋਲ ਆ ਕੇ ਮਾਣਿਆ
ਤੇ ਜੋ ਠੰਡ
ਮੈਂ ਤੇਰੇ ਸਾਹਾਂ 'ਚ
ਇਕ ਹਵਾ ਦਾ ਬੁੱਲਾ
ਬਣਕੇ ਪਾਈ
ਇਹ ਹਵਾ ਦਾ ਬੁੱਲਾ ਬਣਕੇ
ਮੈਂ ਤੇਰੇ ਕੋਲ
ਰੋਜ਼ ਆਵਾਂ-ਰੋਜ਼ ਆਵਾਂ।

ਮਿੱਠੀਆਂ ਯਾਦਾਂ ...

ਪ੍ਰਦੇਸ ਤੋਂ
ਜਦੋਂ ਵਾਪਸ
ਆਪਣੇ ਮੁਲਕ
ਆਪਣੇ ਘਰ ਆਉਂਦਾ ਹਾਂ
ਪਿੰਡ ਦੀਆਂ ਗਲੀਆਂ 'ਚੋਂ
ਜਦੋਂ ਵੀ ਗੁਜ਼ਰਦਾ ਤਾਂ ਮਨ
ਬਚਪਨ ਦੀਆਂ
ਮਿੱਠੀਆਂ ਯਾਦਾਂ ਵਿਚ
ਅਕਸਰ ਚਲੇ ਜਾਂਦਾ ਹੈ
ਇਹ ਜੋ ਹੁਣ
ਪੱਕੇ ਮਕਾਨ ਦਿਸ ਰਹੇ ਨੇ
ਉਸ ਵੇਲੇ
ਕੱਚੇ ਹੁੰਦੇ ਸੀ
ਜੋ ਅੱਜ ਪੱਕਿਆਂ ਵਿਚ ਬਦਲ ਗਏ ਨੇ
ਇਨ੍ਹਾਂ ਗਲੀਆਂ ਚੋ ਅੱਜ
ਤੁਰੇ ਜਾਂਦੇ ਨੂੰ
ਇੱਕ ਪਲ ਲਈ
ਉਨ੍ਹਾਂ ਦਿਨਾਂ ਦਾ
ਭੁਲੇਖਾ ਜਿਹਾ ਪਿਆ
ਕਿ ਕੱਚੀਆਂ ਕੰਧਾਂ ਨੂੰ
ਕੋਈ ਬੁੱਢੀ ਮਾਈ
ਪੋਂਚੀ ਤੇ ਖੜੀ ਲਿਪ ਰਹੀ ਹੈ
ਤੇ ਉਹ ਕੰਧਾਂ
ਧੁੱਪ ਵਿਚ ਸੁੱਕਣ ਤੋਂ ਬਾਅਦ
ਚਮਕ ਰਹੀਆਂ ਨੇ

ਬਚਪਨ 'ਚ
ਜਦੋਂ ਮੈਂ
ਸਕੂਲ ਪੜਨ ਜਾਂਦਾ ਹੁੰਦਾ ਸੀ
ਤਾਂ ਇਨ੍ਹਾਂ
ਕੱਚੀਆਂ ਕੰਧਾਂ ਤੋਂ
ਮਿੱਟੀ ਤੋੜ ਕੇ ਖਾਂਦਾ ਹੁੰਦਾ ਸੀ
ਤੇ ਰੋਜ਼ ਹੀ
ਦਾਦੀ ਜਾਂ ਮਾਂ ਨੇ
ਮੇਰੇ ਪਿੱਛੇ ਆਉਣਾ
ਤੇ ਕਹਿਣਾ
ਠਹਿਰ ਜਾ ਤੂੰ ਖਾ ਮਿੱਟੀ
ਤੇ ਮੈਂ ਆਵਾਜ਼ ਸੁਣ ਕੇ
ਸਕੂਲ ਨੂੰ ਭੱਜ ਜਾਣਾ
ਦੂਜੇ ਹੀ ਪਲ
ਅੱਖ ਝਮਕਦਿਆਂ
ਉਹ ਕੰਧਾਂ. . . . .ਤੇ
ਕੱਚੇ ਮਕਾਨਾਂ ਦੀ ਜਗ੍ਹਾ ਹੁਣ
ਪੱਕੀਆਂ ਕੰਧਾਂ, ਉੱਚੇ-ਉੱਚੇ
ਪੱਕੇ ਮਕਾਨ ਬਣੇ ਦਿਸਦੇ ਨੇ
ਬਚਪਨ ਦੀਆਂ ਯਾਦਾਂ
ਉਨ੍ਹਾਂ ਯਾਦਾਂ ਦਾ ਉਬਾਲ
ਜੋ ਦਿਲ ' ਉੱਡਿਆ
ਤੇ ਅੱਖਾਂ'ਚੋਂ
ਹੰਝੂਆਂ ਦੇ ਰੂਪ ਵਿਚ ਬਹਿ ਤੁਰਿਆ
ਤੇ ਕੁਝ ਹੰਝੂਆਂ ਨੂੰ ਸਾਂਭਦਾ ਹੋਇਆ
ਮੈਂ ਅੱਗੇ ਤੁਰ ਗਿਆ

ਕ੍ਰਿਪਾਲ ਸਿੰਘ ਘੁਡਾਣੀ

ਗੀਤ

ਮੇਰੇ ਨਾਲ ਤੂੰ ਬੋਲ ਵੇ ਸੱਜਣਾ
ਦਿਲ ਦੀ ਘੁੰਡੀ ਖੋਲ੍ਹ ਵੇ ਸੱਜਣਾ
ਦਿਲ ਦੀ ਘੁੰਡੀ ਕਿਉਂ ਖੋਲ੍ਹੇ ਨਾ
ਮੇਰੇ ਨਾਲ ਤੂੰ ਕਿਉਂ ਬੋਲੇ ਨਾ
ਦਿਲ ਵਿਚ ਪੈਦੇ ਹੌਲ ਵੇ ਸੱਜਣਾ

ਕੀ ਮੇਰਾ ਕਸੂਰ ਵੇ ਸੱਜਣਾਂ
ਕਿਉਂ ਹੋਇਓਂ ਮੈਥੋਂ ਦੂਰ ਵੇ ਸੱਜਣਾ
ਦਿਲ ਦਾ ਰਾਜ ਤੂੰ ਫੋਲ ਵੇ ਸੱਜਣਾ
ਤੇਰੀ ਬਿਰਹੋਂ ਪਈ ਸਤਾਵੇ
ਤੈਨੂੰ ਮਿਲਣ ਨੂੰ ਦਿਲ ਮੇਰਾ ਚਾਹਵੇ
ਆ ਤੂੰ ਮੇਰੇ ਕੋਲ ਵੇ ਸੱਜਣਾ

ਮੇਰੇ ਨਾਲ ਤੂੰ ਬੋਲ ਵੇ ਸੰਜਣਾ,
ਦਿਲ ਦੀਆਂ ਘੁੰਡੀਆਂ ਖੋਲ੍ਹ ਵੇ ਸੱਜਣਾ

ਮਿੱਠੀਆਂ ਯਾਦਾਂ

ਤੇਰੀਆਂ ਮਿੱਠੀਆਂ ਯਾਦਾਂ ਦੇ ਵਿਚ ਦਿਨ ਰਾਤ ਲੰਘ ਜਾਵੇ
ਗ਼ਮ ਹਿਜ਼ਰ ਦਾ ਮੈਨੂੰ ਤੇਰਾ ਘੁਣ ਦੇ ਵਾਂਗੂ ਖਾਵੇ
ਗ਼ਮ ਦੀਆਂ ਪੀੜਾਂ ਭਾਂਬੜ ਬਣਕੇ, ਦਿਲ ਮੇਰੇ ਵਿਚ ਮੱਚਣ
ਧੀਰਜ ਕੌਣ ਬਨ੍ਹਾਵੇ ਮੇਰੇ ਦਿਲ ਕਿਹੜਾ ਸਮਝਾਵੇ
ਸੱਧਰਾਂ ਮੁੱਕੀਆਂ ਅੱਖੀਆਂ ਸੁੱਕੀਆਂ ਕਿਥੋਂ ਨੀਰ ਲਿਆਵਾਂ
ਦਿਲ ਦਾ ਜਾਨੀ ਲੱਗ ਸੀਨੇ ਮੇਰੀ ਪਿਆਸ ਬੁਝਾਵੇ

‘ਘੁਡਾਣੀ’ ਦੀ ਰੂਹ ਉੱਤੇ ਆਕਾਸੀਂ ਥੱਲੇ ਕਿਕਣ ਲਾਹਵਾਂ
ਜੁਗਤੀ ਮੈਨੂੰ ਕੋਈ ਦੱਸੋ ਸਈਓ ਨੀਚੇ ਉਤਰ ਆਵੇ।

ਪਿਆਰ

ਕਿੰਨਾ ਚਿਰ ਸ਼ਰਮਾਏਂਗੀ ਤੂੰ,
ਕਿੱਦਾਂ ਪਿਆਰ ਛੁਪਾਏਂਗੀ ਤੂੰ
ਪਿਆਰ ਦਾ ਬੁੱਲਾ ਲੰਘ ਜਾਊ ਜਦ
ਕਿਥੋਂ ਮੋੜ ਲਿਆਏਂਗੀ ਤੂੰ
ਛੱਡ ਤੁਰ ਗਈ ਜਦ ਰੰਗਲੀ ਦੁਨੀਆਂ
ਮੁੜਕੇ ਕਿੱਦਾਂ ਆਏਂਗੀ ਤੂੰ।
ਅੰਤ ਸਮਾਂ ਜਦੋਂ ਨੇੜੇ ਆਇਆ
ਬੀਤੇ ਨੂੰ ਪਛਤਾਏਂਗੀ ਤੂੰ
ਪਾਲ ਬਿਨ ਪਿਆਰੋਂ ਜੋ ਲੰਘਿਆ ਜੀਵਨ
ਵਾਪਸ ਕਿਵੇਂ ਲਿਆਏਂਗੀ ਤੂੰ

ਹਿੰਮਤ ਦਾ ਪਾਠ

ਜਦ ਮੈਂ ਸੱਚ ਨੂੰ ਲੱਭਣ ਤੁਰਿਆ ਬੁਰਿਆਈ ਮੇਰੇ ਪੱਲੇ ਪੈ ਗਈ
ਨਹੀਂ ਲੱਭਾ ਸੱਚ ਮੈਨੂੰ ਪਰ ਤਨਹਾਈ ਮੇਰੇ ਪੱਲੇ ਪੈ ਗਈ
ਚੋਰ ਬਜਾਰੀ ਭ੍ਰਿਸ਼ਟਾਚਾਰੀ ਸਭ ਪਾਸੇ ਪੈਰ ਪਸਾਰੀ ਬੈਠੀ
ਦੇਖ ਜਰਾ ਤੂੰ ਆਪਣੇ ਘਰ ਦੇ ਅੰਦਰੋਂ ਬੂਹੇ ਤੇਰੇ ਅੱਗੇ ਬਹਿ ਗਈ
ਸਮਾਜ ਦੇ ਠੇਕੇਦਾਰਾਂ ਜਾਲ ਸੁੱਟ ਸਦੀਆਂ ਤੋਂ ਗੁਲਾਮ ਬਣਾਇਆ ਮੈਨੂੰ
ਦੇਖ ਨਸ਼ਿਆਂ ਦੇ ਸੁਦਾਗਰਾਂ ਨੂੰ ਹਾਸੀ ਵੀ ਮੇਰੇ ਸ਼ਹਿ ਗਈ
‘ਪਾਲ ਸੁੰਨ ਸਮਾਧੀ ਮੋਨ ਧਾਰਕੇ ਜਦ ਵੀ ਮੈ ਇਸ ਬਾਰੇ ਸੋਚਾਂ
ਹਿੰਮਤ ਦਾ ਪਾਠ ਪੜਾਉਂਦੀ, ਚੁਸਤੀ ਜਿਸਮ ਮੇਰੇ ਨਾਲ ਖਹਿ ਗਈ
ਭ੍ਰਿਸ਼ਟਾਚਾਰੀ ਚੋਰ ਬਜ਼ਾਰੀ ਨੂੰ ਜਦ ਵੀ ਮੈਂ ਭੱਜ ਭੱਜ ਫੜਦਾ
‘ਘੁਡਾਣੀ‘ ਅੱਗੇ ਅੱਗੇ ਭੱਜੀ ਜਾਂਦੀ ਸੋਚਣ ਲੱਗਦੀ ਬਾਜੀ ਪੁੱਠੀ ਪੈ ਗਈ।

ਗਗਨ ਦੀਪ ਸ਼ਰਮਾ

ਇੱਕਲਾ ਨਹੀਂ ਹੁੰਦਾ ਬੰਦਾ

ਬੰਦਾ ਜਦੋਂ ਤੁਰਦਾ
ਤਾਂ ਇੱਕਲਾ ਨਹੀਂ ਤੁਰਦਾ
ਉਸਦੇ ਸੰਗ ਹੁੰਦਾ
ਹੋਰ ਵੀ ਬੜਾ ਕੁਝ
ਹੋਣ ਜਾਂ ਨਾ ਹੋਣ ਜਿਹਾ
ਹੱਸਣ ਰੋਣ ਜਿਹਾ

ਬੰਦਾ ਜਦ ਵੀ ਉੱਡਦਾ
ਪੰਛੀ ਬਣ ਕੇ
ਤਾਂ ਨਾਲ ਨਾਲ ਉਡਦਾ
ਉਸਦਾ ਟੱਬਰ ਟੀਹਰ
ਉਸਦੇ ਖੰਭਾਂ ਨੂੰ
ਆਪਣੀ ਪਰਵਾਜ਼ ਬਣਾ ਕੇ
ਉਸਦੇ ਬੋਲਾਂ ਨੂੰ-
ਆਪਣੀ ਆਵਾਜ਼ ਬਣਾ ਕੇ
ਹੱਸਦਾ ਮੁਸਕਾਉਂਦਾ
ਕਿਲਕਾਰੀਆਂ ਲਾਉਂਦਾ
ਬੰਦੇ ਦੀ ਹਰ ਜਿੱਤ ਦੀਆਂ ਖੁਸ਼ੀਆਂ ਮਨਾਉਂਦਾ

ਬੰਦਾ ਡਿਗਦਾ
ਤਾਂ ਨਹੀਂ ਡਿਗਦਾ ਇੱਕਲਾ
ਉਸਦੇ ਨਾਲ ਹੀ ਡਿਗ ਪੈਂਦਾ
ਉਸਦਾ ਗਰ੍ਹਾਂ

ਰਹਿੰਦਾ ਉਸਦੇ ਨਾਲ ਨਾਲ
ਜਦ ਸਭ ਹੋ ਜਾਂਦੇ ਪਰ੍ਹਾਂ
ਉਦਾਸੀ ਬੰਦੇ ਦੀ
ਮੁਰਝਾ ਦੇਂਦੀ ਹੋਰ ਵੀ ਕਈ ਚਿਹਰੇ
ਟੁੱਟ ਜਾਂਦਾ ਬੜਾ ਕੁਝ
ਜੁੜਦਾ ਜੁੜਦਾ
ਛਾਂ ਜਾਂਦੀ ਚੁਪ-ਚਾਂ
ਬੰਦਾ ਲੜਦਾ ਜਦ ਵੀ ਕਦੇ
ਸੰਘਰਸ਼ ਦਾ ਰੂਪ ਧਾਰ ਲੈਂਦਾ ਜਦ ਜੀਵਨ
ਤਾਂ ਸਿਰਫ਼ ਉਸਦੇ ਕਦਮਾਂ ਵਿਚ ਹੀ ਨਹੀਂ ਹੁੰਦੀ ਤੇਜ਼ੀ
ਉਸ ਸੰਗ ਤੁਰਦਾ
ਦੌੜਦਾ
ਲੜਦਾ
ਕਈ ਕੁਝ ਹੋਰ
ਹਰਦਮ ਨਾਲ ਹੁੰਦੀ ਉਸਦੇ
ਕੋਈ ਪਛਾਣੀ-ਬੇਪਛਾਣੀ ਜਿਹੀ ਤੋਰ
ਕਿੰਨੇ ਹੀ ਕੁਝ ਦੀਆਂ ਸੰਭਾਵਨਾਵਾਂ ਜੁੜਦੀਆਂ
ਜਦ ਚੁਕਦਾ ਹੈ ਬੰਦਾ ਤਲਵਾਰ
ਬੜੀਆਂ ਸੰਵੇਦਨਾਵਾਂ ਦੀ ਰਾਖੀ ਕਰ ਰਿਹਾ ਹੁੰਦਾ
ਢਾਲ ਹੱਥ ਵਿਚ ਲੈ ਕੇ
ਜਦ ਹਰ ਪਾਸਿਓਂ ਹੁੰਦੇ ਵਾਰ

ਇੱਕਲਾ ਨਹੀਂ ਜਿਊਂਦਾ ਬੰਦਾ
ਆਪਣੇ ਹਿੱਸੇ ਦੇ ਜਿਊਣ ਜੋਗੇ ਪਲ
ਬੰਦੇ ਨਾਲ ਜਿਊਂਦੇ ਰਹਿੰਦੇ
ਬੰਦੇ ਦੇ ਹਾਲਾਤ

ਉਸਦੀ ਹਿੱਕ ਵਿਚ ਧੜਕਦੇ
ਚਾਹੇ-ਅਣਚਾਹੇ ਜਜ਼ਬਾਤ
ਬੰਦੇ ਨਾਲ ਹੀ ਜੀਂਵਦੀ
ਬੱਚੇ ਦੀ ਕਿਲਕਾਰੀ
ਆਪਣੀ ਬੁੱਕਲ ਵਿਚ ਲੁਕੋ ਲੈਂਦੀ
ਬੰਦੇ ਦੇ ਹਰ ਦੁੱਖ ਸੁੱਖ ਨੂੰ
ਔਰਤ ਦੀ ਫੁਲਕਾਰੀ

ਬੰਦਾ ਮਰਦਾ
ਤਾਂ ਇੱਕਲਾ ਨਹੀਂ ਮਰਦਾ
ਉਸਦੇ ਨਾਲ ਮਰ ਜਾਂਦੇ ਕਿੰਨੇ ਹੀ ਅਰਮਾਨ
ਮਰ ਮੁੱਕ ਕੇ ਰਹਿ ਜਾਂਦੀ
ਅਨੇਕਾਂ ਵੱਸਦੇ ਰਸਦੇ ਸੁਪਨਿਆਂ ਦੀ ਦਾਸਤਾਨ
ਲੀਕ ਤੋਂ ਉਤਰ ਜਾਂਦੀ
ਤੇਜ਼ ਦੌੜਦੀ ਟੱਬਰ ਵਾਲੀ ਰੇਲ
ਬਾਪੂ ਬੇਬੇ ਦੇ ਚਿਹਰੇ 'ਤੇ
ਹੋਰ ਗੂੜੀਆਂ ਜੋ ਜਾਂਦੀਆਂ ਝੁਰੜੀਆਂ
ਬੱਚਿਆਂ ਦੇ ਹੱਥੋਂ
ਆਪ ਮੁਹਾਰੇ ਛੁੱਟ ਜਾਂਦੀ ਖੇਲ੍ਹ
ਕਿੰਨਾ ਵੀ ਇੱਕਲਾ ਹੋਵੇ ਬੰਦਾ
ਨਹੀਂ ਹੁੰਦਾ ਉਹ ਇੱਕਲਾ ਕਦੇ।

ਮਿਲਦੀ ਗਿਲਦੀ ਰਹੀਂ

ਕਵਿਤਾ
ਤੂੰ ਮਿਲਦੀ ਗਿਲਦੀ ਰਹੀਂ
ਦੂਰ ਨਾ ਹੋਵੀਂ ਮੈਥੋਂ

ਮੇਰੇ ਮਨ ਪੈੜਾਂ ਪਾਉਂਦੀ ਰਹੀਂ
ਮੇਰੇ ਘਰ ਆਉਂਦੀ ਰਹੀਂ
ਮਿਲਦੀ ਗਿਲਦੀ ਰਹੀਂ
ਕਵਿਤਾ ।

ਅੱਖਾਂ ਦੇ ਹੰਝੂ
ਕਦੇ ਬੁੱਲਾਂ ਦੀ ਮੁਸਕਾਨ ਬਣ ਕੇ
ਮਾਂ ਦੀ ਲੋਰੀ
ਜਾਂ ਬੱਚੀ ਦੇ ਅਰਮਾਨ ਬਣ ਕੇ
ਮੇਰੇ ਨੇੜੇ ਨੇੜੇ ਰਹੀਂ
ਕਵਿਤਾ ।

ਕਦੇ ਆਵੀਂ ਚੁੱਪ-ਚਾਪ
ਮੇਰੀਆਂ ਅੱਖਾਂ 'ਤੇ ਆਪਣੇ ਹੋਂਠ ਰੱਖੀਂ
ਤੇ ਫਿਰ ਆਖੀਂ
'ਤੂੰ ਸਿਰਫ਼ ਮੇਰਾ ਏਂ, ਗਗਨ'
ਮੇਰੀ ਮਹਿਬੂਬ ਬਣ ਮਿਲੀਂ ਮੈਨੂੰ
ਕਵਿਤਾ ।

ਜਦ ਮੈਂ ਮੰਜੇ 'ਤੇ ਹੋਵਾਂ ਕਦੇ
ਬਿਮਾਰੀ ਦੇ ਸਰਾਲ਼ ਨਾਲ ਘੁਲਦਾ
ਤੂੰ ਬਾਪੂ ਦਾ ਹੱਥ ਬਣ
ਮੇਰੇ ਮੋਢੇ ਤੇ ਆ ਬਵ੍ਹੀਂ
ਆਪਣੀ ਉਂਗਲ ਫੜਾ
ਤੁਰਨਾ ਸਿਖਵੀਂ ਮੈਨੂੰ
ਕਵਿਤਾ ।

ਜਾਂ ਫਿਰ ਕਦੇ
ਨਿਕੇ ਵੀਰ ਵਾਂਗ ਆਵੀਂ
ਤੇ ਮੇਰੀ ਗੋਦੀ ਵਿਚ ਬੈਠ ਜਾਵੀਂ
ਮਿੱਟੀ ਦੇ ਘਰ ਬਣਾਵਾਂਗੇ ਆਪਾਂ
ਤੇ ਜਾਂ ਆਟੇ ਦੀਆਂ ਚਿੜੀਆਂ
ਜ਼ਰੂਰ ਆਵੀਂ ਤੂੰ
ਕਵਿਤਾ ।

ਸੁਪਨੇ ਤੇ ਹਕੀਕਤ ਦੇ ਪਲਾਂ ਵਿਚ
ਅੰਗ-ਸੰਗ ਰਹੀਂ ਮੇਰੇ
ਮੇਰੇ ਨਾਲ ਤੁਰੀਂ ਸਫ਼ਰ 'ਤੇ
ਕਵਿਤਾ ।

ਤੂੰ ਜ਼ਿੰਦਗੀ ਏਂ ਮੇਰੀ
ਮੇਰੇ ਸਾਹਾਂ ਵਿੱਚ ਵੱਸੀਂ
ਮੇਰੀ ਆਵਾਜ਼ ਰਾਹੀਂ ਬੋਲੀਂ
ਮੇਰੇ ਹੱਥ ਫੜ ਫੜ
ਲਿਖਦੀ ਰਹੀਂ ਮੈਨੂੰ
ਕਵਿਤਾ ।
ਤੂੰ ਮੈਨੂੰ ਮਿਲਦੀ ਗਿਲਦੀ ਰਹੀਂ

ਸੁੱਤਾ ਪਿਆ ਹੈ ਮਹਾਂਨਗਰ

ਸੁੱਤਾ ਪਿਆ ਹੈ ਮਹਾਂਨਗਰ
ਵਿਦੇਸ਼ੀ ਰਜਾਈ ਦੀ ਬੁੱਕਲ ਮਾਰ ਕੇ
ਅੱਖਾਂ ਮੀਟੀ ਪਈ ਹੈ,
ਮਹਾਂਨਗਰੀ ਦੀ ਸੋਚ

ਆ ਰਹੇ ਨੇ ਸੁਫਨੇ–
ਵਿਸ਼ਵ ਵਪਾਰ ਦੇ ਏਕੀਕਰਣ ਦੇ

ਜਾਗਦਾ ਹੈ ਪਿੰਡ ਮੇਰਾ
ਨਾਲ ਨਾਲ ਜਾਗਣ
ਉਸਦੀਆਂ ਰੀਝਾਂ
ਸੁਫ਼ਨੇ
ਇਤਿਹਾਸ
ਘੂਕ ਸੁੱਤਾ ਪਿਆ ਹੈ
ਮਹਾਂਨਗਰ ਦਾ 'ਡੈਡ
ਸਕਾਚ ਵਿਸਕੀ ਦੇ ਨਸ਼ੇ ਵਿਚ
ਥੱਕ ਚੁਕਾ ਹੈ
ਦਿਨ ਭਰ ਕੁਰਸੀ 'ਤੇ ਬੈਠਾ

ਬਾਪੂ ਮੇਰੇ ਪਿਡ ਦਾ
ਅਜੇ ਮੁੜਿਆ ਨਹੀਂ ਖੇਤੋਂ
ਕਪਾਹ ਦੀ ਰਾਖੀ ਖੜ੍ਹਾ ਹੋਵੇਗਾ ਸ਼ਾਇਦ
ਡੁੱਬਿਆ ਹੋਵੇਗਾ ਫਿਕਰਾਂ ਵਿਚ
ਕਦੋਂ ਪਿੰਜਾਂਗੇ
ਕਦੋਂ ਬਣੇਂਗੀ ਰੂੰ
ਕਦੋਂ ਰਜਾਈ
ਤੇ ਕਦੋਂ ਧਾਰੇਗੀ ਉਹ ਕਪਾਹ
ਪੈਸੇ ਦਾ ਰੂਪ

ਜਿਸਨੇ ਬਣਾਉਣੀ ਹੈ ਰਜਾਈ
ਉਹ ਜਾਗਦਾ ਹੈ ਅਜੇ

ਬਣਾਉਣ ਤੇ ਵੇਚਣ ਦੇ ਫ਼ਿਕਰਾਂ ਸੰਗ
ਪਰ ਜਿਸਨੇ ਖਰੀਦਣੀ ਸੀ ਰਜਾਈ
ਉਹ ਸੌਂ ਗਿਆ ਹੈ
ਵਿਦੇਸ਼ੀ ਰਜਾਈ ਦੀ ਬੁੱਕਲ ਮਾਰ ਕੇ

ਸੁੱਤਾ ਪਿਆ ਹੈ ਮਹਾਂਨਗਰ

ਗ਼ਜ਼ਲ

ਇਸ਼ਾਰਾ ਇੱਕ ਤੇਰਾ ਇਸ਼ਕ ਜਿਸਨੂੰ ਕਰ ਗਿਆ ਹੋਣੈ
ਉਹ ਬੰਦਾ ਅੱਗ ਦਾ ਦਰਿਆ ਵੀ ਹੱਸ ਕੇ ਤਰ ਗਿਆ ਹੋਣੈ

ਹਨੇਰਾ ਮਿਟ ਰਿਹੈ ਇਕ ਲੀਕ ਚਾਨਣ ਦੀ ਉਦੈ ਹੋਈ
ਦਸਤਖ਼ਤ ਨ੍ਹੇਰਿਆਂ 'ਤੇ ਕੋਈ ਸੂਰਜ ਕਰ ਗਿਆ ਹੋਣੈ

ਨਾ ਕੋਈ ਰਾਮ ਆਇਆ ਮੁੜ ਕੇ ਨਾ ਨਾਨਕ ਤੇ ਨਾ ਈਸਾ
ਘੜਾ ਪਾਪਾਂ ਦਾ ਹੁਣ ਤੱਕ ਲੱਖ ਵਾਰੀ ਭਰ ਗਿਆ ਹੋਣੈ

ਇਹ ਹਰ ਯੁੱਗ ਵਿਚ ਹੁੰਦੈ, ਇਕ ਵਾਰੀ ਦਾ ਨਹੀਂ ਕਿੱਸਾ
ਯੁਧਿਸ਼ਟਰ ਫੇਰ ਤੀਵੀਂ ਨੂੰ ਜੂਏ ਵਿਚ ਹਰ ਗਿਆ ਹੋਣੈ

ਹਰਿਕ ਸਾਹ ਨਾਲ ਸਿਰਨਾਵਾਂ ਸੀ ਪੁੱਛਦਾ ਆਪਣੇ ਘਰ ਦਾ,
ਜੋ ਬੇਘਰ ਸੀ, ਉਹ ਖੋਰੇ ਅੰਤ ਕਿਹੜੇ ਘਰ ਗਿਆ ਹੋਣੈ।

ਬੰਦੇ ਦੇ ਖ਼ੂਨ ਦੀ ਜਿਸਨੇ ਕੁੜੱਤਣ ਪੀ ਲਈ ਹੋਣੀ
ਉਹ ਪੰਛੀ ਮਰਦੇ-ਮਰਦੇ, ਮਰਦੇ-ਮਰਦੇ, ਮਰ ਗਿਆ ਹੋਣੈ

ਉਹ ਤੇਰੇ ਜਾਣ ਪਿਛੋਂ ਔਸੀਆਂ ਜੋਗੀ ਹੀ ਰਹਿ ਗਈ ਸੀ,
ਤਿਰਾ ਖ਼ਤ ਲਾ ਕਲੇਜੇ ਮਾਂ ਦਾ ਸੀਨਾ ਠਰ ਗਿਆ ਹੋਣੈ

ਇਹ ਦੁਨੀਆਂ ਹੈ ਤੇ ਏਥੇ ਆਉਣਾ ਜਾਣਾ ਚੱਲਦਾ ਰਹਿੰਦੈ
ਜਿਵੇਂ ਸਰਦਾ ਹੈ ਸਭ ਦੇ ਬਿਨ੍ਹਾ, ਮੇਰੇ ਬਿਨ ਸਰ ਗਿਆ ਹੋਣੈ।

ਗ਼ਜ਼ਲ

ਇਹ ਭਰਦਾ ਕੌਣ ਹੈ ਹਉਕੇ, ਇਹ ਕਿਸਨੇ 'ਵਾਜ਼ ਮਾਰੀ ਹੈ
ਹੈ ਕੋਈ ਤੜਪਦਾ ਬਾਹਰ ਜਾਂ ਅੰਦਰ ਬੇਕਰਾਰੀ ਹੈ।

ਵਸਲ ਦੇ ਦੌਰ ਵਿਚ ਜੋ ਰਾਤ ਹੈ, ਪਲ ਭਰ ਦੀ ਹੋ ਜਾਂਦੀ
ਵਿਛੜ ਕੇ ਹੀ ਪਤਾ ਚਲਦਾ, ਉਹ ਕਿੰਨੀ ਰਾਤ ਭਾਰੀ ਹੈ

ਉਹ ਆ ਕੇ ਖੇਤ ਵਿਚ ਇਉਂ ਝੂਮਦੈ ਤੇ ਮਚਲਦੈ ਪਾਣੀ
ਜਿਵੇਂ ਮਿੱਟੀ ਦੇ ਪੁੱਤ ਨੂੰ ਮਾਂ ਦੇ ਮਿਲਣੇ ਦੀ ਖ਼ੁਮਾਰੀ ਹੈ

ਮਿਰੀ ਸਰਦਲ ਤੋਂ ਮੁੜ ਜਾਂਦੀ ਜੋ ਲੌ ਚੁਪਚਾਪ ਹਰ ਵਾਰੀ,
ਉਸੇ ਨੂੰ ਪਾਉਣ ਖ਼ਾਤਿਰ ਨ੍ਹੇਰਿਆਂ ਨਾ' ਜੰਗ ਜਾਰੀ ਹੈ

ਇਹ ਜਿਸ ਕਿਰਤੀ ਦਾ ਸਿਰ ਕੱਟਣ ਨੂੰ ਪੱਬਾਂ ਭਾਰ ਹੈ ਹੋਈ
ਉਸੇ ਕਿਰਤੀ ਦੇ ਸਿਰ 'ਤੇ ਘੁੰਮਦੀ ਮੰਡੀ ਇਹ ਸਾਰੀ ਹੈ

ਇਹ ਸਾਰੇ ਬੋਲ ਸਾਡੇ, ਸੁਰ ਵੀ ਸਾਡੇ, ਨਾਚ ਵੀ ਸਾਡੇ
ਮਗਰ ਫਿਰ ਵੀ ਉਨ੍ਹਾਂ ਦੇ ਨਾਂ 'ਤੇ ਹੁੰਦੀ ਪੇਸ਼ਕਾਰੀ ਹੈ।

ਗੁਰਦਿਆਲ ਦਲਾਲ

ਪੰਜ ਗ਼ਜ਼ਲਾਂ

ਦਿਲ ਨਾ ਮੁੜ ਕੇ ਤਾਬ ਆਇਆ, ਮਿਹਰਬਾਨੀ ਹੈ ਤੇਰੀ
ਜੁਲਫ਼ ਦਾ ਕੈਦੀ ਬਣਾਇਆ ਮਿਹਰਬਾਨੀ ਹੈ ਤੇਰੀ
ਜਦ ਵੀ ਗੁੱਡੀ ਹੈ ਚੜੀ ਤੂੰ ਕੱਟ ਕੇ ਹੀ ਦਮ ਲਿਆ
ਰਾਸ ਨਾ ਅੰਬਰ ਇਹ ਆਇਆ ਮੇਹਰਬਾਨੀ ਹੈ ਤੇਰੀ
ਜ਼ਖ਼ਮ ਆਪਣੇ ਸਿੱਲ ਰਿਹਾ ਸਾਂ ਖੜਕਿਆ ਦਰ ਰਾਤ ਜਦ
ਨੀਂਦ 'ਚੋਂ ਮੈਨੂੰ ਜਗਾਇਆ ਮਿਹਰਬਾਨੀ ਹੈ ਤੇਰੀ
ਘੁੰਮਦੀ ਧਰਤੀ ਹੈ ਜੀਕੁਣ ਉਸ ਰਵੀ ਦੀ ਖਿੱਚ ਵਿਚ
ਉਂਝ ਹੀ ਮੈਨੂੰ ਘੁੰਮਾਇਆ ਮਿਹਰਬਾਨੀ ਹੈ ਤੇਰੀ
ਪੁੱਜ ਕੇ ਮਕਤਲ ਵਿਚ ਮੁਜ਼ਰਿਮ ਲੱਭਦਾ ਸੀ ਕੀ ਭਲਾ
ਦੇਖ ਸੂਲ਼ੀ ਮੁਸਕਰਾਇਆ ਮਿਹਰਬਾਨੀ ਹੈ ਤੇਰੀ
ਦੇਖ ਕੇ ਮੈਨੂੰ ਇੱਕਲਾ ਲੰਘ ਜਾਵੇਂ ਮੂੰਹ ਛੁਪਾ
ਦੋਸਤਾਂ ਵਿਚ ਤੂੰ ਬੁਲਾਇਆ ਮਿਹਰਬਾਨੀ ਹੈ ਤੇਰੀ
ਲੋਥੜਾ ਹੈ ਮਾਸ ਦਾ ਦਿਲ, ਇਸਦੇ ਅੰਦਰ ਦੇਖਣਾ
ਪਿਆਰ ਦਾ ਸਾਗਰ ਸਮਾਇਆ ਮਿਹਰਬਾਨੀ ਹੈ ਤੇਰੀ
ਗੁਥਲੀ ਯਾਦਾਂ ਦੀ ਖੁੱਲ੍ਹੀ ਲਿਖ ਲਈ ਹੈ ਮੈਂ ਗ਼ਜ਼ਲ
ਦਰਦ ਸ਼ਿਅਰਾਂ ਵਿਚ ਛੁਪਾਇਆ ਮਿਹਰਬਾਨੀ ਹੈ ਤੇਰੀ।

ਗ਼ਜ਼ਲ

ਮਨ ਭਰ ਗਿਆ ਹੈ ਹੁਣ ਇਰਾਦਾ ਜਾਣ ਦਾ ਤੂੰ ਕਰ ਦੁਆ
ਦੁਨੀਆਂ ਤੇਰੀ ਤੋਂ ਮੈਂ ਵੀ ਹੋਵਾਂ ਹੁਣ ਵਿਦਾ ਤੂੰ ਕਰ ਦੁਆ
ਹੋਇਆ ਹਮੇਸ਼ਾਂ ਕੈਦ ਹਰ ਥਾਂ ਖ਼ੁਦ ਹੀ ਮੈਂ ਸਭ ਜਾਣ ਕੇ
ਕੱਟੀ ਸਜ਼ਾ ਲੰਬੀ ਕਿ ਹੁਣ ਮੈਂ ਹੋਵਾਂ ਰਿਹਾ ਤੂੰ ਕਰ ਦੁਆ

ਸੱਧਰ ਮੇਰੀ ਕਿ ਵਾਰ ਜ਼ਿੰਦਗੀ ਹੋਰਾਂ ਲਈ
ਹਰ ਸਖਸ਼ ਦਾ ਮੈਂ ਤਾਂ ਸਦਾ ਚਾਹਾਂ ਭਲਾ ਤੂੰ ਕਰ ਦੁਆ
ਹੁਣ ਹੋਸ਼ ਬੰਦਾ ਵੀ ਕਰੇ ਆਰੇ ਕੁਹਾੜੇ ਸੁੱਟ ਦਵੇ
ਫਿਰ ਤੋਂ ਬਣੇ ਜੰਗਲ ਚੁਫ਼ੇਰੇ ਹੁਣ ਹਰਾ ਤੂੰ ਕਰ ਦੁਆ
ਲੱਗੀ ਚਿਰਾਂ ਤੋਂ ਔੜ ਖੇਤੀ ਸੁੱਕ ਰਹੀ ਦੱਸ ਕੀ ਕਰਾਂ
ਖੇਤਾਂ 'ਤੇ ਆਵੇ ਚੜ੍ਹ ਕੋਈ ਵਰਸੇ ਘਟਾ ਤੂੰ ਘਰ ਦੁਆ
ਕਿਥੇ ਹੈ ਹੁਣ ਜੋ ਯਾਰ ਸੀ, ਆਬਾਦ ਸੀ ਦਿਲ ਵਿਚ ਮੇਰੇ
ਫਿਰ ਆ ਕੇ ਮਿਲੇ ਉਹ ਯਾਦ ਕਰ ਮੇਰੀ ਵਫ਼ਾ ਤੂੰ ਕਰ ਦੁਆ
ਮੁੱਦਤ ਤੋਂ ਮੈਂ ਹਾਂ ਭਾਲਦਾ ਉਹ ਮਿਲ ਪਵੇ ਮੈਨੂੰ ਕਿਤੇ
ਇਨਸਾਨ ਇਕ ਹੋਇਆ ਜ਼ਮੀ ਤੋਂ ਲਾਪਦਾ ਤੂੰ ਕਰ ਦੁਆ

ਗਜ਼ਲ

ਜੀਵਨ 'ਚ ਜਦ ਵੀ ਪਿਆਰ ਦਾ ਕਿਧਰੋਂ ਇਸ਼ਾਰਾ ਮਿਲ ਗਿਆ
ਭਰ ਕੇ ਉਡਾਰੀ ਉਸ ਸਮੇਂ ਸੀਨੇ 'ਚੋਂ ਸਾਡਾ ਦਿਲ ਗਿਆ
ਜਦ ਵੀ ਉਨ੍ਹਾ ਨੇ ਅੱਖ ਉਠਾ ਕੇ ਦੇਖਿਆ ਆਕਾਸ਼ ਵੱਲ
ਚਿਹਰਾ ਉਦੋਂ ਕਾਇਨਾਤ ਦਾ ਫੁੱਲਾਂ ਦੇ ਵਾਂਗੂੰ ਖਿਲ ਗਿਆ
ਸੁਣ ਕੇ ਤਰਾਨਾ ਅੱਥਰੂ ਅੱਖਾਂ ਵਿਚ ਸਭ ਨੇ ਭਰ ਲਏ
ਛੁਪਿਆ ਜੋ ਦਿਲ ਵਿਚ ਰਾਜ ਸੀ ਨੈਣਾ ਵਿਚ ਆ ਕੇ ਖੁੱਲ ਗਿਆ
ਇਕ ਭੇਂਟ ਕੀਤਾ ਫੁੱਲ ਉਨ੍ਹਾਂ ਨੇ ਸਿਰ ਝੁਕਾ ਕੇ ਸੀ ਕਦੀ
ਖੁਸ਼ਬੋ 'ਚ ਰਲ ਕੇ ਰੰਗ ਉਸਦਾ ਦਿਲ ਵਿਚ ਸਾਡੇ ਘੁਲ਼ ਗਿਆ
ਕਰਦੇ ਰਹੇ ਫਿਰ ਲੋਕ ਸਿਫ਼ਤਾਂ ਉਸਦੀਆਂ ਮਹਿਫਲ ਦੇ ਵਿਚ
ਜਦ ਮਸਤ ਪਰਵਾਨਾ ਸ਼ਮਾ ਤੇ ਫੜਫੜਾਇਆ ਜਲ ਗਿਆ
ਕਹਿੰਦਾ ਸੀ ਸਾਸ਼ਕ ਉਹ ਬਣਾਵੇਗਾ ਕੈਨੇਡਾ ਮੁਲਕ ਨੂੰ
ਪੰਜਾਬ ਸਾਰਾ ਰਾਖ ਅੰਦਰ ਜਦ ਵਿਚਾਰਾ ਰੁਲ ਗਿਆ।

ਗ਼ਜ਼ਲ

ਪਤਨੀ ਤੋਂ ਸੁਣ ਸ਼ਿਕਾਇਤਾਂ ਮਾਂ ਨੂੰ ਵੰਗਾਰਦਾ ਹੈ
ਇਉਂ ਪੁੱਤ ਮਾਪਿਆਂ ਦਾ ਕਰਜ਼ਾ ਉਤਾਰਦਾ ਹੈ
ਸਭਨਾਂ ਘਰਾਂ 'ਚ ਰਿਸ਼ਤੇ ਨੇ ਤਾਰ ਤਾਰ ਹੋਏ
ਬਾਪੂ ਦੇ ਵੱਲ ਨੂੰ ਮੁੰਡਾ ਥੱਪੜ ਉਲਾਰਦਾ ਹੈ
ਸਾਂਝੀ ਨਾ ਕੰਧ ਕਿਧਰੇ ਬੰਦੇ ਨੂੰ ਰਾਸ ਆਉਂਦੀ
ਸਭਨਾ ਤੋਂ ਦੂਰ ਜਾ ਕੇ ਕੋਠੀ ਉਸਾਰਦਾ ਹੈ
ਮਹਿਬੂਬ 'ਤੇ ਹੈ ਸੁਟਣਾ ਜਿਸਨੇ ਤੇਜ਼ਾਬ ਜਾ ਕੇ
ਸ਼ੀਸ਼ੇ 'ਚੋਂ ਤੱਕ ਖੁਦ ਨੂੰ ਚਿਹਰਾ ਸੰਵਾਰਦਾ ਹੈ
ਕਰਕੇ ਤਰੱਕੀ ਐਨਾਂ ਬਣਿਆ ਖ਼ੂੰਖਾਰ ਬੰਦਾ
ਧੀ ਭੈਣ ਦਾ ਉਹ ਰਿਸ਼ਤਾ ਹੁਣ ਨਾ ਵਿਚਾਰਦਾ ਹੈ
ਆਪਣੀ ਜ਼ਮੀਨ ਘਰ ਤੋਂ ਹੋ ਕੇ ਬੇਦਖ਼ਲ ਬੁੱਢਾ
ਇਕ ਬਿਰਧ ਘਰ ਵਿਚ ਰਹਿ ਕੇ ਜੀਵਨ ਗੁਜ਼ਾਰਦਾ ਹੈ
ਸੱਚਾ ਬਣੇ ਉਹ ਰੋ ਕੇ ਝੂਠਾ ਜਹਾਨ ਦਾ ਜੋ
ਗਿਰਗਟ ਦੇ ਵਾਂਗ ਨਿਤ ਹੀ ਸੌ ਰੂਪ ਧਾਰਦਾ ਹੈ।

ਗ਼ਜ਼ਲ

ਆਸ ਦੀ ਧੂਣੀ ਮਘਾ ਕੇ ਦਿਲ 'ਚ ਰੱਖੀ
ਕੀ ਪਤਾ ਕਦ ਆਉਣਗੇ ਉਹ ਦਿਲ ਜਲੇ
ਲਾਟ ਦੀਵੇ ਦੀ ਹੈ ਥਰ ਥਰ ਕੰਬਦੀ ਜਦ ਵਾਂਗ ਪਰਵਾਨੇ ਦੇ ਉੱਡਦੇ ਵਲਵਲੇ
ਜਦ ਕਦੀ ਵੀ ਸੁੱਖ ਆਏ ਦੇਖ ਸਾਨੂੰ
ਉਹ ਮੁੜ ਗਏ ਚੰਦਰੇ ਸਭ ਬਿਨ ਮਿਲੇ
ਆਪਣੇ ਬਣ ਹਾਲ ਪੁੱਛਣ ਉਮਰ ਭਰ ਆਉਂਦੇ ਰਹੇ ਦੁੱਖਾਂ ਦੇ ਚੜ੍ਹ ਕਾਫ਼ਲੇ
ਉਹ ਬਹਾਦਰ ਸਿਦਕ ਵਾਲੇ ਮੁਸਕਰਾਉਂਦੇ ਆਉਣਗੇ ਘਰ ਜਿਤਕੇ ਤੂੰ ਦੇਖਣਾ
ਰਾਜ ਇਕ ਜਾਲਮ ਦਾ ਬਦਲਣ ਵਾਸਤੇ,
ਜੋ ਬੰਨ੍ਹ ਕੇ ਕਫ਼ਨ ਸਿਰਾਂ 'ਤੇ ਨਿਕਲੇ

ਪੈਰ ਜਦ ਵੀ ਡਗਮਗਾਏ ਡਿਗ ਪਏ ਪਰ ਫਿਰ ਉਠੇ ਕਰ ਦਲੇਰੀ ਹਾਂ ਅਸੀਂ
ਇਸ ਨਿਮਾਣੀ ਜ਼ਿੰਦਗੀ ਵਿਚ ਬਣ ਸੁਨਾਮੀ,
ਦਨਦਨਾਉਦੇ ਜਦ ਵੀ ਆਏ ਜਲਜ਼ਲੇ
ਇਸ਼ਕ ਦੇ ਚੱਕਰ 'ਚ ਪੈ ਕੇ ਭਰ ਜਵਾਨੀ ਵਿਚ
ਗਏ ਸਨ ਛੱਡ ਘਰ ਜੋ ਆਪਣੇ
ਫਿਰ ਉਸੇ ਘਰ ਬੇਵਫ਼ਾ ਉਹ ਬਣ ਵਿਚਾਰੇ,
ਡਗਮਗਾਉਂਦੇ ਆ ਵੜੇ ਜੋਬਨ ਢਲੇ
ਜੇ ਸਿਆਣਪ ਸੂਝ ਹਿੰਮਤ ਹਰ ਮੁਸੀਬਤ ਉਸਦੇ ਅੱਗੇ ਵਾਂਗ ਪਾਣੀ ਚੱਲਦੀ
ਆਮ ਬੰਦੇ ਨੂੰ ਤਾਂ ਅਕਸਰ ਘੇਰ ਲੈਦੇ ਰੋਲ਼ ਦਿੰਦੇ ਜ਼ਿੰਦਗੀ ਦੇ ਮਾਮਲੇ।

ਗੁਰਵਿੰਦਰ ਸਵੈਚ

ਗ਼ਜ਼ਲ

ਤੇਰੇ ਕਦਮਾਂ ਦੁਆਲੇ ਪਸਰੀ ਰਹਿੰਦੀ ਹੈ ਮਰਿਆਦਾ,
ਖਫ਼ਾ ਹੈ ਦਿਲ ਦੇ ਬੂਹੇ ਹੁੰਦੀਆਂ ਜੋ ਦਸਤਕਾਂ ਉੱਤੇ।
ਕਦੇ ਅੱਥਰੂ ਦੀ ਜੂਨੀ ਧਾਰ ਕੇ ਮੁਕਤੀ ਦਾ ਰਾਹ ਭਾਲੂ,
ਇਹ ਲਾਵਾ ਬਰਫ਼ ਬਣ ਕੇ ਜੰਮਿਆ ਜੋ ਆਂਦਰਾਂ ਉੱਤੇ।

ਹਵਾ ਅੰਦਰ ਨਮੀਂ ਸੀ ਪਰ ਜੜ੍ਹਾਂ ਤੋਂ ਚੂਸ ਨਾ ਹੋਈ,
ਹਵਾ, ਧੁੱਪ ਟਾਹਣੀਆਂ ਨੂੰ ਜੋ ਕਦੇ ਮਹਿਸੂਸ ਨਾ ਹੋਈ।
ਨਿਪੱਤੇ ਬਿਰਖ਼ ਤੋਂ ਚੰਗਾ ਸੀ ਰਹਿੰਦਾ ਬੀਜ ਤੱਕ ਸੀਮਤ,
ਬਹਾਰਾਂ ਦਾ ਨਾ ਪਛਤਾਵਾ, ਗਿਲਾ ਨਾ ਪਤਝੜਾਂ ਉੱਤੇ।

ਹਨ੍ਹੇਰੇ ਮੇਲ ਲਈਆਂ ਕੁਝ ਅਸਲ ਤੋਂ ਭਟਕੀਆਂ ਰਿਸ਼ਮਾਂ,
ਬਣਾ ਰਹਿਬਰ ਸਦੀਵੀ ਰੌਸ਼ਨੀ ਲੜ ਮੜ੍ਹੁਤੀਆਂ ਰਿਸ਼ਮਾਂ।
ਕਦੇ ਇਤਿਹਾਸ ਨੂੰ ਜੀਹਨਾਂ ਸਹੀ ਤਰਤੀਬ ਸੀ ਦੇਣੀ,
ਪਲੇ ਜੋ ਖੰਡਿਆਂ ਛਾਵੇਂ ਸੀ ਧਿਜਗੇ ਢਾਰਸਾਂ ਉੱਤੇ।

ਦੁਰੇਡੇ ਰੇਤ ਤੋਂ ਪਾਣੀ ਦੇ ਵਾਂਗਰ ਲਿਸ਼ਕ ਤਾਂ ਸਕਦੈ,
ਕਿਨਾਰੇ ਖੋਰਦਾ ਹੋਇਆ ਨਗਰ ਵੱਲ ਖਿਸਕ ਤਾਂ ਸਕਦੈ।
ਫੜਾ ਕੇ ਖੇਤ ਨੂੰ ਕਾਸਾ ਜੋ ਹੋਇਆ ਖਾਲ ਤੋਂ ਸਾਗਰ,
ਕਿਆਸੀਂ ਨਾ ਕਦੇ ਬਰਸੂਗਾ ਬਣ ਬੱਦਲ ਥਲਾਂ ਉੱਤੇ।

ਗੁਆਚੇ ਵਕਤ ਨੂੰ ਹਰ ਕੋਣ ਤੋਂ ਪੜਤਾਲਦਾ ਵੀ ਹਾਂ,
ਅਧੂਰੇ ਸੁਪਨਿਆਂ ਨੂੰ ਆ ਰਹੇ ਚੋਂ ਭਾਲਦਾ ਵੀ ਹਾਂ।

ਗੁਜ਼ਰ ਜਾਂਦਾ ਹਾਂ ਲੇਕਿਨ ਅੱਜ ਕੋਲੋਂ ਮੀਟ ਕੇ ਅੱਖਾਂ,
ਮੈਂ ਗਰਜ਼ਾਂ ਪੁਰਖਿਆਂ ਉੱਤੇ ਜਾਂ ਬਰਸਾਂ ਵਾਰਸਾਂ ਉੱਤੇ।

ਗ਼ਜ਼ਲ

ਇਹ ਬੋਝਲ ਹੋਂਦ ਨੂੰ ਸੰਗੀਤ ਵਿਚ ਪਰਿਵਤਣਾਂ ਸਿੱਖੇ
ਗੁਜ਼ਰਕੇ ਬੰਸਰੀ 'ਚੋਂ ਗ਼ਮ ਖੁਦੀ ਨੂੰ ਪਰਖਣਾ ਸਿੱਖੇ

ਉਨ੍ਹਾਂ ਗੁਲਦਾਉਂਦੀਆਂ ਦੀ ਵਾੜ ਅੰਦਰ ਥੋਰ੍ਹ ਬੀਜੇ ਨੇ
ਹੁਕਮ ਹੈ ਮਹਿਕ ਨੂੰ ਸੂਲਾਂ ਦੁਆਲੇ ਲਿਪਟਣਾ ਸਿੱਖੇ

ਹਦਾਇਤ ਪਾਧਿਆ ਨੂੰ ਹੈ ਕਿ ਹਲ ਵਾਹਕ ਕਿਸੇ ਸੂਰਤ,
ਫ਼ਸਲ ਨਾ ਵੇਚਣਾ ਸਿੱਖੇ, ਜ਼ਮੀ ਨੂੰ ਖਰਚਣਾ ਸਿੱਖੇ

ਭਲਾ ਮੇਰੇ ਗਰਾਂ ਨੂੰ ਲਸ਼ਕਰਾਂ ਤੋਂ ਖੌਫ਼ ਸੀ ਕਾਹਦਾ
ਜੇ ਹੁੰਦੇ ਦਾਤੀਆਂ ਤਲਵਾਰ ਵਾਂਗੂੰ ਵਰਤਣਾ ਸਿੱਖੇ

ਅਜੇ ਵੀ ਵਕਤ ਹੈ ਰੱਖੋ ਇਨ੍ਹਾਂ ਨੂੰ ਝੱਖੜਾਂ ਸਾਹਵੇਂ
ਦੋ ਦੀਵੇ ਘਰ ਦੀਆਂ ਕੰਧਾਂ ਦੇ ਅੰਦਰ ਲਿਸ਼ਕਣਾ ਸਿੱਖੇ

ਉਨ੍ਹਾਂ ਦੇ ਪੈਰ ਨੂੰ ਬੇੜੀ ਦੀ ਆਖਰ ਲੋੜ ਵੀ ਕੀ ਹੈ।
ਜਿੰਨਾਂ ਦੇ ਹੱਥ ਨੇ ਢਾਕਾਂ 'ਤੇ ਆ ਕੇ ਅਟਕਣਾਂ ਸਿੱਖੇ।

ਗ਼ਜ਼ਲ

ਜੋ ਵੀ ਸਿਰਨਾਵੇਂ, ਨਕਸ਼ੇ ਸਫ਼ਰ ਦੇ ਬਚੇ
ਸਭ ਮੁਖ਼ਾਲਿਫ਼ ਹਵਾ ਸੰਗ ਹਵਾ ਹੋਣ ਦੇ

ਥਾਹ ਮੁਸਾਫ਼ਰ ਦੇ ਅਰਥਾਂ ਦੀ ਪਾਉਣੀ ਹੈ ਜੇ
ਰਸਤਿਓਂ ਮੀਲ ਪੱਥਰ ਵਿਦਾ ਹੋਣ ਦੇ

ਇੰਝ ਰਹਿਣੀ ਨਾ ਭਲਕੇ ਨੂੰ ਵੱਤਰ ਖੜ੍ਹੀ
ਸਾਣ ਤੋਂ ਹੁਣ ਤਾਂ ਸੰਦਾਂ ਨੂੰ ਕਰਦੇ ਬਰੀ
ਬੀਜ ਪੁੰਗਰਨ ਲਈ ਨੇ ਮਚਲਦੇ ਪਏ
ਹਲ਼ ਤੇ ਮਿੱਟੀ 'ਚ ਤੂੰ ਟਾਕਰਾ ਹੋਣ ਦੇ

ਬਾਂਝ ਹੁੰਦੀ ਧਰਤ ਦਾ ਬਦਲ ਢੂੰਡਿਆ
ਇਕ ਦੁਰੇਡੇ ਗ੍ਰਹਿ 'ਤੇ ਹੈ ਜਲ ਢੂੰਡਿਆ
ਛਾਣ ਲੈ ਤੂੰ ਵੀ ਖਾਹਿਸ਼ 'ਚੋਂ ਲੋੜਾਂ ਨੂੰ ਜਾਂ
ਏਸ ਤਹਿਜੀਬ ਨੂੰ ਰਹਿਨੁਮਾ ਹੋਣ ਦੇ

ਅੱਜ ਦਹਿਸ਼ਤ ਤੋਂ ਕੋਈ ਜਗ੍ਹਾ ਨਾ ਬਚੀ
ਵਣ 'ਚ ਹਿਰਨਾ ਦੇ ਹਿੱਸੇ ਜੇ ਘਾਹ ਨਾ ਬਚੀ
ਵਾਢ ਸ਼ੇਰਾਂ ਦੇ ਬਾਗਾਂ ਨੂੰ ਜਾ ਲੱਗਣੀ
ਦਰਦ ਸਾਂਝਾ, ਬੇਸ਼ੱਕ ਸੌ ਗੁਣਾ ਹੋਣ ਦੇ

ਸੰਗਮਰਮਰ ਦੀ ਵਲਗਣ 'ਚ ਹੈ ਦੇਰ ਤੋਂ
ਬਣ ਕੇ ਸੂਰਜ ਕਿਵੇਂ ਨਾ ਉੱਗੇ ਫੇਰ ਤੋਂ
ਇਸਦੇ ਪੈਰਾਂ 'ਚੋਂ ਗੋਲਕ ਦੀ ਬੇੜੀ ਹਟਾ
ਮਖ਼ਮਲਾਂ 'ਚੋਂ ਤਾਂ ਅੱਖਰ ਰਿਹਾਅ ਹੋਣ ਦੇ

ਗਜ਼ਲ

ਮਹਿਕ ਨੂੰ ਫੁੱਲ ਦੇ ਬਿਨ ਜੀਣ ਦਾ ਕੌਤਕ ਸਿਖਾਉਂਦੇ ਨੇ
ਕਦੇ ਬੱਦਲ ਨੂੰ ਜਲ ਤਸਕਰ ਬਣਾ ਕੇ ਪਰਤ ਆਵਣਗੇ

ਗੁਜ਼ਰਦੇ ਜ਼ਰਦ ਮੰਜ਼ਰ 'ਚੋਂ ਰਹੇ ਜੇ ਲਾ ਹਰੀ ਐਨਕ
ਤੂੰ ਵੇਖੀਂ ਛਾਂ ਤਾਂ ਕੀ ਧੁੱਪਾਂ ਗੁਆ ਕੇ ਪਰਤ ਆਵਣਗੇ

ਹਨ੍ਹੇਰਾ ਬਰਸਦਾ ਫਿਰਦਾ ਸੀ ਜਦ ਪੁਰਜੋਰ ਅੰਬਰ ਤੋਂ
ਰਹੇ ਅੰਦਰ ਲੁਕੇ ਸੂਰਜ ਗ੍ਰਹਿਣੇ ਜਾਣ ਦੇ ਡਰ ਤੋਂ
ਨੇ ਹੁਣ ਚਾਨਣ ਦੀ ਬੁੱਕਲ ਮਾਰ ਕੇ ਸੱਥਾਂ 'ਚ ਜਾ ਬੈਠੇ
ਤੇ ਆਖ਼ਰ ਜੁਗਨੂੰਆਂ ਦੀ ਬਾਤ ਪਾ ਕੇ ਪਰਤ ਆਵਣਗੇ

ਭਰੇ ਜੰਗਲ ਦਿਆਂ ਵਣਜਾਰਿਆਂ ਦਾ ਢੰਗ ਹੈ ਕੇਹਾ
ਜੋ ਨਾਅਰਾ ਗੂੰਜਿਆਂ ਹੈ ਪੰਛੀਆਂ ਦੇ ਮੁੜ ਵਸੇਬੇ ਦਾ
ਹੋ ਜਾਣਾ ਪਿੰਜਰੇ ਵੇਚਣ ਦੀ ਚਿੰਤਾ ਤੋਂ ਵੀ ਛੁਟਕਾਰਾ
ਇਹ ਮਦ ਕਾਨੂੰਨ ਵਿਚ ਸ਼ਾਮਲ ਕਰਾ ਕੇ ਪਰਤ ਆਵਣਗੇ

ਭਲੇ ਹੀ ਮੋਤੀਆਂ ਦੇ ਥਾਲ ਤੋਂ ਕਾਸਾ ਬਚਾ ਪਰਤੇ
ਕਿ ਤੇਰੇ ਪਿਆਰ ਦੀ ਸ਼ਿੱਦਤ ਤੋਂ ਪਰ ਨਿਰਲੇਪ ਨਾ ਪਰਤੇ
ਸਦਾ ਲਈ ਮਖ਼ਮਲੀ ਸੇਜਾਂ ਤੋਂ ਹੋ ਕੇ ਆ ਜਾ ਬਨਵਾਸਣ
ਤੇ ਇਹ ਵੀ ਮੁੰਦਰਾਂ ਟਿੱਲੇ ਫੜਾ ਕੇ ਪਰਤ ਆਵਣਗੇ

ਮੇਰੇ ਖੇਤਾਂ 'ਚ ਫਿਰ ਤੋਂ ਮਾਹਿਰਾਂ ਦੇ ਕਾਫ਼ਲੇ ਫਿਰਦੇ
ਤੁਹਾਡੇ ਕਹਿਣ ਨੂੰ ਮੋਈ ਫ਼ਸਲ ਦਾ ਮੁਆਵਜ਼ਾ ਗਿਣਦੇ
ਇਨ੍ਹਾਂ ਨੂੰ ਕੀ ਖ਼ਬਰ ਸਿਆੜਾ 'ਚ ਕਿਹੜੇ ਹਾਲ ਅੱਪੜਦਾ
ਕਿ ਪਾਣੀ ਖਾਲ਼ ਵਿਚ ਤੁਰਦਾ ਵਿਖਾ ਕੇ ਪਰਤ ਆਵਣਗੇ

ਗਜ਼ਲ

ਕਿਸੇ ਸਾਜਿਸ਼ ਦਾ ਹਿੱਸਾ ਜਾਂ ਸ਼ਰਾਰਤ, ਕਿਆਸ ਕੀ ਲਾਵੇਂ?
ਕਿ ਸਾਬਤ ਮੀਲ ਪੱਥਰ ਬਚ ਰਿਹਾ ਖੰਡਰ ਨਗਰ ਸਾਹਵੇਂ

ਕਦੇ ਤਾਂ ਖੰਜਰਾਂ 'ਚੋਂ ਫਾਲਿਆਂ ਦੀ ਵਿਲਕਣੀ ਨੂੰ ਸੁਣ
ਸਦਾ ਹੀ ਦਸਤਕਾਰੀ ਦੀ ਕਲਾ ਦੇ ਢੰਗ ਵਡਿਆਵੇਂ

ਅਥਾਹ ਪੀੜਾਂ ਦਾ ਇਕ ਸਾਗਰ ਵੀ ਹੈ ਮੌਜੂਦ ਇਸ ਅੰਦਰ
ਮਹਿਜ਼ ਕਤਰੇ ਦੇ ਜਿੰਨਾ ਅੱਥਰੂ ਦਾ ਮੁੱਲ ਦਰਸਾਵੇਂ

ਰਹੇਂ ਜੇ ਥਲ, ਹੰਢਾਵੇਂ ਔੜ ਜਿਉਂ ਪਿੰਡੇ 'ਤੇ ਹਰ ਮੌਸਮ
ਬਣੇਂ ਵਣ ਤਾਂ ਬਦਲਦੇ ਮੌਸਮਾਂ ਦਾ ਦਾਸ ਹੋ ਜਾਵੇਂ
ਜੜ੍ਹਾਂ ਤੋਂ ਪੁੱਟਿਆਂ ਹੀ ਮੁੱਕਣਾ ਨਸਲੋਂ ਨਦੀਨਾਂ ਨੇ
ਕਹੀ, ਰੰਬਾ, ਜ਼ਹਿਰ, ਦਾਤੀ ਵੀ ਤੇਰੇ ਕੋਲ ਨੇ ਭਾਵੇਂ

ਗੁਰਮੇਲ ਬੀਜਾ

ਗੀਤ

ਨਸ਼ਾ ਕਦੇ ਵੀ ਕੋਈ
ਕਿਵੇਂ ਵੀ ਚੰਗਾ ਹੁੰਦਾ ਨਈ
ਨਸ਼ਿਆਂ ਵਾਲੀ ਹੁੰਦੀ
ਸਭ ਤੋਂ ਬੁਰੀ ਬਿਮਾਰੀ

ਜਰਦਾ ਮਲ ਮਲ ਕੇ
ਜਦੋਂ ਬੁੱਲਾਂ ਦੇ ਵਿਚ ਲਾਉਂਦੇ ਨੇ
ਥੁੱਕ ਥੁੱਕ ਕੇ ਧਰਤੀ
ਗੰਦੀ ਕਰਦੇ ਸਾਰੀ.. ..

ਗੁਟਕਾ ਪਾਨ ਬੀੜੀ
ਕੈਂਸਰ ਨੂੰ ਬੁਲਾਉਂਦੇ ਨੇ
ਜਿਸਦਾ ਇਲਾਜ ਨਾ ਕੋਈ
ਭਾਲੋ ਦੁਨੀਆਂ ਸਾਰੀ.. .. ..

ਡੋਡੇ 'ਫੀਮ ਤੇ ਭੁੱਕੀ
ਇਹ ਤਿੰਨੇ ਹੀ ਮਾੜੇ ਨੇ
ਜ਼ਮੀਨ ਜਾਇਦਾਦ ਵੀ
ਵਿਕ ਜਾਂਦੀ ਹੈ ਸਾਰੀ.. . . .

ਦਾਰੂ ਪੀ ਕੇ ਜਿਹੜੇ
ਗਲੀਆਂ ਦੇ ਵਿਚ ਲਿਟਦੇ ਨੇ
ਕੁੱਤੇ ਮੂੰਹ ਚੱਟਦੇ ਨੇ
ਚੱਟਦੇ ਵਾਰੋ ਵਾਰੀ.. . .

ਮੇਰੇ ਭੈਣ ਭਰਾਵੋਂ ਬੱਚ ਜਾਵੋਂ
ਇਨ੍ਹਾਂ ਨਸ਼ਿਆਂ ਤੋਂ
ਗੁਰਮੇਲ ਬੀਜੇ ਵਾਲੇ ਨੇ
ਸੱਚੀ ਗੱਲ ਉਚਾਰੀ. . . . . .

ਗੀਤ

ਪੁੱਤ ਜੰਮੇ ਅੰਮੀਏ ਤੂੰ
ਵੰਡੇ ਮਠਿਆਈ ਨੀ
ਧੀ ਜੰਮੇ ਕਿਹੜੀ ਗੱਲੋਂ
ਮੱਥੇ ਵੱਟ ਪਾਈ ਨੀ
ਰਹੀਂ ਕਿਹੜੀ ਗੱਲੋਂ
ਕੁੱਖ ਵਿਚ ਮਾਰ ਅੰਮੀਏ
ਦੇਦੇ ਪੁੱਤਾਂ ਵਾਲਾ
ਮੈਨੂੰ ਵੀ ਪਿਆਰ ਅੰਮੀਏ ਦੇਦੇ ਪੁੱਤਾਂ . . . . .

ਜੋ ਵੀ ਇਸ ਦੁਨੀਆਂ ਦੇ
ਵਿਚ ਹੈ ਆਂਵਦਾ,
ਆਪੋ ਆਪਣੇ ਹੈ
ਕਰਮ ਲਿਖਾਵਦਾ
ਤੂੰ ਵੀ ਦਿਲ ਵਿੱਚ
ਕਰ ਲੈ ਵਿਚਾਰ ਅੰਮੀਏ
ਦੇਦੇ ਪੁੱਤਾਂ ਵਾਲਾ. . . . .

ਮਾਵਾਂ ਧੀਆਂ ਦਾਂ ਏਥੇ
ਇਕ ਹੈ ਪਰਦਾ
ਜੱਗ ਧੀਆਂ ਦੇ ਨਾਲ

ਅੱਗੇ ਹੈ ਵੱਧਦਾ
ਬਿਨਾਂ ਧੀਆਂ ਦੇ ਨਾ
ਸੰਸਾਰ ਅੰਮੀਏ ਦੇਦੇ ਪੁੱਤਾਂ . . . . .

ਜਿਸ ਬਾਬਲ ਦੀ ਧੀ ਜਦ
ਪੜ ਲਿਖ ਜਾਂਵਦੀ
ਮਾਂ ਬਾਪ ਦਾ ਹੈ
ਨਾ ਚਮਕਾਂਵਦੀ
ਮੈਂ ਵੀ ਪੜ ਲਿਖ
ਬਣੂ ਥਾਣੇਦਾਰ ਅੰਮੀਏ
ਦੇਦੇ ਪੁੱਤਾਂ ਵਾਲਾ ਪਿਆਰ. . . . .

ਧੀਆਂ ਬਿਨਾਂ ਹਰ ਘਰ
ਹੈ ਸੁੰਨਾਂ ਸੁੰਨਾਂ ਜਾਪਦਾ
ਘਰ ਦਾ ਸ਼ਿੰਗਾਰ ਧੀਆਂ
ਸਾਰਾ ਜਗ ਜਾਣਦਾ
ਬਿਨਾਂ ਧੀਆਂ ਦੇ ਨਾਂ
ਸੱਜੇ ਘਰ ਬਾਰ ਅੰਮੀਏ
ਦੇਦੇ ਪੁੱਤਾਂ ਵਾਲਾ. . ..

ਗੁਰਮੇਲ ਬੀਜੇ ਵਾਲਾ
ਭੈਣੋਂ ਕਲਮ ਚਲਾਂਵਦਾ
ਧੀਓ ਭੈਣੋਂ ਇਕ ਹੋ ਜਾਉ
ਹੈ ਮੁੱਖੋਂ ਫਰਮਾਂਵਦਾ
ਰਿਹਾ ਸੋਲਾਂ ਆਨੇ ਸੱਚੀਆਂ ਉਚਾਰ ਅੰਮੀਏਂ
ਦੇਦੇ ਪੁੱਤਾਂ ਵਾਲਾ. .

ਗੀਤ

ਵਿਦਿਆ ਵਿਚਾਰੀ
ਹੈ ਪਰ ਉਪਕਾਰੀ
ਇਹਨੂੰ ਮਨ ਵਿਚੋਂ
ਕਦੇ ਨਾ ਭੁਲਾਓ ਬੱਚਿਓ
ਗਹਿਣਾ ਵਿੱਦਿਆਂ ਦਾ
ਸਕੂਲ ਵਿਚੋਂ ਪਾਓ ਬੱਚਿਓ. . . .

ਵਿੱਦਿਆ ਪ੍ਰਾਪਤ ਕਰਨਾ
ਸਭਾ ਦਾ ਹੱਕ ਹੈ
ਵਿੱਦਿਆ ਮਨੁੱਖ ਦੀ
ਤੀਸਰੀ ਅੱਖ ਹੈ
ਇਸ ਬਾਰੇ ਸਭ ਨੂੰ ਸਮਝਾਓ ਬੱਚਿਓ. .. .

ਮਿਹਨਤਾਂ ਦੇ ਨਾਲ ਮਾਪੇ
ਬੱਚਿਆਂ ਨੂੰ ਪੜਾਉਦੇ ਨੇ
ਬੱਚੇ ਅਫ਼ਸਰ ਬਣ ਜਾਣ
ਸਾਰੇ ਮਾਪੇ ਚਾਹੁੰਦੇ ਨੇ
ਪੜ੍ਹ ਲਿਖ ਕੁਝ ਬਣ
ਕੇ ਦਿਖਾਓ ਬੱਚਿਓ
ਗਹਿਣਾ ਵਿੱਦਿਆ ਦਾ . . .

ਮਾੜੇ ਕੰਮਾਂ ਕੋਲੋਂ ਸਦਾ
ਪਿੱਛੇ ਹਟ ਰਹਿਣਾ ਏਂ
ਨਸ਼ਿਆਂ ਦੇ ਕੋਲੋਂ ਵੀ
ਪਾਸਾ ਵੱਟ ਲੈਣਾ ਏਂ

ਚੰਗੇ ਕੰਮਾਂ ਵਿਚ
ਯੋਗਦਾਨ ਪਾਓ ਬੱਚਿਓ. .. . .

ਅਧਿਆਪਕਾਂ ਨੂੰ ਮੰਨੋ
ਸਾਰੇ ਰੂਪ ਰੱਬ ਦਾ
ਅਧਿਆਪਕ ਕਰਦੇ ਨੇ
ਭਲਾ ਸਾਰੇ ਜੱਗ ਦਾ
ਕਹਿਣਾ ਅਧਿਆਪਕਾਂ ਦਾ
ਬੁਰਾ ਨਾ ਮਨਾਓ
ਬੱਚਿਓ ਗਹਿਣਾ ਵਿਦਿਆ. .. . .

ਜਿਹੜੇ ਕਰਦੇ ਪੜ੍ਹਾਈ
ਉਹ ਸਦਾ ਸੁੱਖ ਪਾਉਂਦੇ ਨੇ
ਪੜ੍ਹਾਈ ਕਰ ਮਾਪਿਆਂ ਦਾ
ਨਾਮ ਚਮਕਾਉਂਦੇ ਨੇ
ਸਦਾ ਵੱਡਿਆਂ ਨੂੰ
ਸੀਸ ਝੁਕਾਉ ਬੱਚਿਓ
ਗਹਿਣਾ ਵਿਦਿਆ ਦਾ. . . . .

ਗੁਰਮੇਲ ਬੀਜੇ ਵਾਲਾ
ਸੱਚ ਲਿਖਦਾ ਲਿਖਾਰੀ ਏ
ਵਿਦਿਆ ਸਕੂਲ ਵਿਚੋਂ ਲੈ ਕੇ
ਜਿਹਨੇ ਜ਼ਿੰਦਗੀ ਸਵਾਰੀ ਏ
ਇਸ ਜ਼ਿੰਦਗੀ ਨੂੰ
ਐਵੇ ਨਾ ਗਵਾਓ ਬੱਚਿਓ. . . .

ਗੀਤ

ਰੁੱਖਾਂ ਦੀ ਮੈਂ ਗ਼ਲ ਸੁਣਾਵਾਂ
ਰੁੱਖ ਦਿੰਦੇ ਨੇ ਠੰਡੀਆਂ ਛਾਵਾਂ
ਸੋਹਣਾ ਇਨ੍ਹਾਂ ਦਾ ਪਰਛਾਵਾਂ
ਸਾਡੇ ਮਨ ਨੂੰ ਭਾਉਂਦਾ ਏ
ਰੁੱਖਾਂ ਦੀ ਠੰਡੀ ਛਾਂ ਬੈਠ ਕੇ
ਆਨੰਦ ਬੜਾ ਹੀ ਆਉਂਦਾ ਏ. . . . .

ਰੁੱਖ ਆਕਸੀਜਨ ਛੱਡਦੇ
ਜੋ ਸਿਹਤ ਦੇ ਕੰਮ ਆਉਂਦੀ ਏ
ਪੱਤੇ ਨਾਲ ਜਦੋਂ ਪੱਤੇ ਭਿੜਦੇ
ਆਵਾਜ ਸੁਰੀਲੀ ਆਉਂਦੀ ਏ
ਵੇਖਣ ਨੂੰ ਕਿੰਨੇ ਸੋਹਣੇ ਲੱਗਦੇ
ਵੇਖਣ ਨੂੰ ਮਨ ਚਾਹੁੰਦਾ ਹੈ
ਰੁੱਖਾਂ ਦੀ ਠੰਡੀ ਛਾਂ. . . . .

ਵਪਾਰੀ ਲੱਕੜ ਦਾ ਵਪਾਰ ਕਰਕੇ
ਪੈਸਾ ਖੂਬ ਕਮਾਉਂਦਾ ਏ
ਕਾਰੀਗਰ ਲੱਕੜ ਤੇ ਚਿਤਰ ਬਣਾ ਕੇ
ਨਮਾਇਸ਼ਾਂ ਵਿਚ ਪਹੁੰਚਾਉਂਦਾ ਏ
ਨਮਾਇਸ਼ ਦੇ ਵਿਚ ਪਏ ਸਮਾਨ ਨੂੰ
ਹਰ ਕੋਈ ਵੇਖਣਾਂ ਚਾਹੁੰਦਾ ਹੈ
ਰੁੱਖਾਂ ਦੀ ਠੰਡੀ ਛਾਂ. . .

ਰੁੱਖਾਂ ਨੇੜੇ ਭੈਣ ਭਰਾਵੋਂ
ਭੁੱਲਕੇ ਵੀ ਨਾ ਅੱਗ ਲਗਾਓ

ਰੁੱਖਾਂ ਨੂੰ ਬਚਾਕੇ ਰੱਖੋ
ਐਵੇਂ ਹੀ ਨਾ ਵੱਢਦੇ ਜਾਓ
ਰੁੱਖ ਸਾਡੇ ਵਾਤਾਵਰਨ ਨੂੰ
ਸਾਫ਼ ਸੁੱਥਰਾ ਬਣਾਉਂਦਾ ਹੈ
ਰੁੱਖਾਂ ਦੀ ਠੰਡੀ .. . . .

ਰੁੱਖਾਂ ਬਾਝੋਂ ਭੈਣ ਭਰਾਵੋਂ
ਨਾ ਕਿਸੀ ਦਾ ਸਰਦਾ ਏ
ਰੁੱਖ ਸਾਡੇ ਜੀਵਨ ਦੀਆਂ
ਲੋੜਾਂ ਪੂਰੀਆਂ ਕਰਦਾ ਏ
'ਗੁਰਮੇਲ ਬੀਜੇ' ਵਾਲਿਆ ਰੁੱਖ
ਬੰਦੇ ਨੂੰ ਅੰਤ ਜਲਾਉਂਦਾ ਏ
ਰੁੱਖਾਂ ਦੀ ਠੰਡੀ. . . .

ਗੀਤ

ਅੱਜ ਦਾ ਸਭਿਆਚਾਰ ਦੋਸਤੋ
ਦਿੱਤਾ ਹੈ ਵਿਗਾੜ ਦੋਸਤੋ
ਕੁਝ ਲੋਕ ਇਸ ਸਭਿਆਚਾਰ ਨੂੰ
ਮਿੱਟੀ ਵਿਚ ਮਿਲਾਉਂਦੇ ਨੇ
ਚੰਗੇ ਗੀਤ ਘੱਟ ਸੁਣਨ ਨੂੰ ਮਿਲਦੇ
ਗੀਤ ਲੱਚਰਤਾ ਦੇ ਗਾਉਂਦੇ ਨੇ. . . .

ਕਈ ਡਰਾਇਵਰ ਜਦ ਬੱਸਾਂ ਦੇ ਵਿਚ
ਟੇਪ ਰਿਕਾਰਡ ਵਜਾਉਂਦੇ ਨੇ
ਮਿਆਰ ਤੋਂ ਗਿਰੇ ਹੋਏ ਗਾਣੇ

ਸਵਾਰੀਆਂ ਤਾਈਂ ਸੁਣਾਉਂਦੇ ਨੇ
ਧੀ ਭੈਣ ਨਾਲ ਨਾਲ ਸਫ਼ਰ ਜੋ ਕਰਦੇ
ਨੀਵੀਂ ਪਾ ਸ਼ਰਮਾਉਂਦੇ ਨੇ
ਚੰਗੇ ਗੀਤ ਘੱਟ ਸੁਣਨ ਨੂੰ ਮਿਲਦੇ ਗੀਤ. . . . .

ਘੱਗਰਾ ਫੁਲਕਾਰੀ ਖੰਭ ਲਾ ਕੇ ਉੱਡ ਗਏ
ਖਤਮ ਹੋ ਗਏ ਰਿਵਾਜ ਪੁਰਾਣੇ ਨੇ
ਨਿੱਤ ਨਵਾਂ ਹੈ ਫੈਸ਼ਨ ਚੱਲਦਾ
ਦੇਖੋ ਕੈਸੇ ਭਾਣੇ ਨੇ
ਪਿਆਰ ਹੁਣ ਘਟਦਾ ਜਾ ਰਿਹਾ
ਨਫਰਤ ਨਾਲ ਬੁਲਾਉਂਦੇ ਨੇ
ਚੰਗੇ ਗੀਤ ਘੱਟ ਸੁਣਨ ਨੂੰ ਮਿਲਦੇ ਗੀਤ . . .

ਕੁਝ ਲੋਕ ਘੁਟ ਦਾਰੂ ਪੀ ਕੇ
ਨੱਚਦੇ ਟੱਪਦੇ ਗਾਉਂਦੇ ਨੇ
ਸਮਝ ਕੋਈ ਨਾ ਆਉਂਦੀ
ਇਹ ਐਵੇਂ ਸ਼ੋਰ ਮਚਾਉਂਦੇ ਨੇ
'ਗੁਰਮੇਲ ਬੀਜੇ' ਵਾਲੇ ਗੱਲਾਂ
ਮੁਖੋ ਸੱਚ ਸੁਣਾਉਂਦੇ ਨੇ
ਚੰਗੇ ਗੀਤ ਘੱਟ ਸੁਣਨ ਮਿਲਦੇ ਗੀਤ. . . .

ਜਸਵੀਰ ਝੱਜ

ਗੀਤ

ਗ਼ਮਲੇ 'ਚ ਲਾ ਕੇ
ਪਰ੍ਹਾਂ ਕੋਨੇ 'ਚ ਟਿਕਾ ਕੇ
ਮੈਨੂੰ ਛੇੜਨਾ ਮਨਾ ਹੈ
ਲਿਖ ਚਿੱਤ ਪ੍ਰਚਾਤਾ
ਮੇਰੀ ਖੋਹ ਕੇ ਆਜਾਦੀ
ਮੈਨੂੰ ਕੈਦ ਵਿਚ ਪਾਤਾ।

ਨਾ ਕੋਈ ਡੰਡਾ ਡੁੱਕ ਖੇਡੂ ਨਾ ਹੀ ਪੀਂਘ ਕਿਸੇ ਪਾਉਣੀ
ਨਾ ਹੀ ਤਪਦੀ ਦੁਪਹਿਰ ਕਿਸੇ ਮੰਜੀ ਆਣ ਡਾਹੁਣੀ
ਥੋਡੀ ਨਵੀਂ ਨਵੀਂ ਸੋਚ ਕਹਿਰ ਮੇਰੇ ਉਤੇ ਢਾਹਤਾ..

ਨਾ ਹੀ ਕੋਇਲਾਂ ਗੀਤ ਗਾਉਣੇ ਨਾ ਹੀ ਵੱਗ ਹੇਠਾਂ ਬਹਿਣਾ
ਮੈਂ ਤਾਂ ਸੂਰਜ ਤੋਂ ਪਰ੍ਹਾਂ ਸਦਾ ਨ੍ਹੇਰਿਆਂ 'ਚ ਰਹਿਣਾ
ਤੁਸੀਂ ਕਮਰਾ ਸਜਾ ਕੇ ਮੈਨੂੰ ਪੱਟ ਕੇ ਵਗ੍ਹਾਤਾ

ਕਿਸੇ ਖੁੱਲੀ ਥ੍ਹਾਂ 'ਤੇ ਹੁੰਦਾ ਫਿਰ ਆਉਣਾ ਸੀ ਨਜ਼ਾਰਾ
ਲੋਕਾਂ ਆਖਣਾ ਸੀ ਦੇਖੋ ਇਹ ਹੈ ਬੋਹੜ ਕਿੱਡਾ ਭਾਰਾ
ਆਪ ਕਰਗੇ ਤਰੱਕੀ ਮੈਨੂੰ ਬੌਣਾ ਜਿਹਾ ਬਣਾਤਾ

ਲੱਭੋ ਨਿੱਤ ਨਵੇਂ ਦਿਸਹੱਦੇ ਮੌਜਾਂ ਰੱਜ ਰੱਜ ਮਾਣੋਂ
ਭਾਵੇਂ ਕਰੋ ਮਨ ਆਈਆਂ ਹੱਕ ਦੂਜੇ ਦਾ ਵੀ ਜਾਣੋ
ਕਰ 'ਝੱਜ' ਨੂੰ ਇਸ਼ਾਰਾ ਉਹਤੋਂ ਗੀਤ ਲਿਖਵਾਤਾ..

ਗਮਲੇ 'ਚ ਲਾ ਕੇ ਪਰ੍ਹਾਂ ਕੋਨੇ 'ਚ ਟਿਕਾ ਕੇ
ਮੈਨੂੰ ਛੇੜਨਾ ਮਨ੍ਹਾ ਹੈ, ਲਿਖ ਚਿੱਤ ਪ੍ਰਚਾਤਾ
ਮੇਰੇ ਖੋਹ ਕੇ ਆਜਾਦੀ ਮੈਨੂੰ ਕੈਦ ਵਿਚ ਪਾਤਾ।

ਗੀਤ

ਲਿਖਦਾ ਹਾਂ ਉਦੋਂ ਜਾਂ ਉਦਾਸ ਹੋ ਮੈਂ ਜਾਵਾਂ
ਗਾਉਂਦਾ ਹਾਂ ਮੈਂ ਉਦੋਂ ਜਾਂ ਵੈਰਾਗ ਵਿਚ ਆਵਾਂ

ਵਿਛੜੇ ਪਿਆਰਾ ਨਾ ਕਿਸੇ ਆਪਣੇ ਤੋਂ ਕੋਈ
ਜਿਸਨੂੰ ਲੱਗੀ ਉਹੀ ਜਾਣੇ ਨਾ ਧਰੇ ਧੀਰ ਦਿਲ ਜੋਈ
ਜਿਹੜੇ ਵਿਛੜੇ ਨੇ ਮੈਥੋਂ ਯਾਦ ਉਨ੍ਹਾਂ ਦੀ 'ਚ ਗਾਵਾਂ. . .

ਕੁਝ ਹੱਦਾਂ ਸਰਹੱਦਾਂ ਸਾਮਰਾਜੀਆਂ ਨੇ ਪਾਈਆਂ
ਉਤੋਂ ਧਰਮਾਂ ਨੇ ਦਿਲਾਂ ਵਿਚ ਪੱਟੀਆਂ ਨੇ ਖਾਈਆਂ,
ਮਨੁੱਖਤਾ ਦੇ ਵੈਰੀਆਂ ਨੂੰ ਵਾਰ ਵਾਰ ਸਮਝਾਵਾਂ.. .

ਕੰਮ ਕਰਨੇ ਨੂੰ ਹੈ ਨਹੀਂ ਦੱਸੋ ਕਿਰਤੀ ਕੀ ਕਰੇ
ਜਾਂ ਕਿਸੇ ਨੂੰ ਉਹ ਮਾਰੂ ਜਾ ਆਪ ਭੁੱਖਾ ਮਰੇ,
ਕੁਝ ਲੋਟੂ ਸਾਂਭੀ ਬੈਠੇ ਕੁਲ ਦੁਨੀਆਂ ਦਾ ਨਾਵਾਂ

ਕਾਹਨੂੰ ਕਰਮਾਂ ਵਿਚ ਲਿਖਿਆ ਇਉਂ ਹੀ ਮਰ ਜਾਣਾ,
'ਝੱਜ' ਕਹੇ ਵਾਰ ਵਾਰ ਛੱਡੋ ਮੰਨਣਾ ਇਹ ਭਾਣਾ
ਕਦੇ ਰੁੱਖਾਂ ਦੇ ਸਿਰਾਂ 'ਤੇ ਵੀ ਕੋਈ ਕਰਦਾਏ ਛਾਵਾਂ..

ਲਿਖਦਾ ਹਾਂ ਉਦੋਂ ਜਾਂ ਉਦਾਸ ਹੋ ਮੈਂ ਜਾਵਾਂ।
ਗਾਉਂਦਾ ਹਾਂ ਮੈਂ ਉਦੋਂ ਜਾਂ ਵੈਰਾਗ ਵਿਚ ਆਵਾਂ।

ਗੀਤ

ਮੈਂ ਆਟੇ ਦਾ ਦੀਵਾ ਸੱਜਣਾ ਕਿਥੇ ਮੇਰੀ ਥਾਂ,
ਅੰਦਰ ਮੈਨੂੰ ਚੂਹੇ ਟੁੱਕਦੇ ਬਾਹਰ ਨੇ ਪੈਦੇ ਕਾਂ

ਮੈਂ ਚਾਹਿਆ ਸੀ ਕੁਲ ਦੁਨੀਆਂ ਤੋਂ ਕਰਦਿਆਂ ਦੂਰ ਹਨੇਰੇ
ਦਸੇ ਦਿਸ਼ਾਵਾਂ ਖੱਲਾਂ ਖੂੰਜੇ ਮਹਿਕਣ ਚਾਰ ਚੁਫੇਰੇ,
ਮੰਨ ਦੀਆਂ ਗੱਲਾਂ ਮਨ ਵਿਚ ਰਹੀਆਂ, ਮੈਨੂੰ ਜਗਣ ਹੀ ਦਿੰਦੇ ਨਾ. . .

ਗੱਲੀਂ ਬਾਤੀਂ ਤਾਂ ਇਹ ਦੁਨੀਆਂ ਮਾੜੀ ਧਿਰ ਨਾਲ ਖੜ੍ਹਦੀ
ਯੁੱਗਾਂ ਤੋਂ ਜਿੰਦ ਨਿਤਾਣੀ, ਆਈ ਸੂਲੀ ਚੜ੍ਹਦੀ
ਵਕਤ ਪਏ ਤੋਂ ਖੜ੍ਹਨਾ ਔਖਾ, ਔਖੀ ਕਰਨੀ ਹਾਂ. . .

ਜਦ ਕਿਧਰੇ ਵੀ ਚਰਚਾ ਛਿੜਦੀ ਦਿੰਦੇ ਰਹਿਣ ਹਵਾਲੇ,
ਜੇ ਮੈਂ ਹੋਵਾਂ ਤਾਂ ਦਰ ਖੁੱਲਦਾ ਨਹੀਂ ਤਾਂ ਲਗਦੇ ਤਾਲੇ
ਸੁੰਨੇ ਵਿਹੜੇ ਖਾਣ ਨੂੰ ਆਉਂਦੇ ਘਰ ਕਰਦੇ ਭਾਂ ਭਾਂ . .

'ਝੱਜ' ਤਾਂ ਜਾਣੇ ਮੇਰੇ ਦਿਲ ਦੀ ਸਾਰੀ ਦਰਦ ਕਹਾਣੀ
ਚਲੋ ਕੋਈ ਤਾਂ ਦਰਦੀ ਮਿਲਿਆ ਜਿਸ ਨੇ ਰਮਜ਼ ਪਛਾਣੀ
ਏਸ ਭਰੋਸੇ ਦਿਨ ਲੰਘਦੇ ਨੇ ਤਾਂ ਹੀ ਧੀਰ ਧਰਾਂ..

ਮੈਂ ਆਟੇ ਦਾ ਦੀਵਾ ਸੱਜਣਾ ਕਿਥੇ ਮੇਰੀ ਥਾਂ
ਅੰਦਰ ਮੈਨੂੰ ਚੂਹੇ ਟੁੱਕਦੇ ਬਾਂਹਰ ਨੇ ਪੈਦੇ ਕਾਂ।

ਗੀਤ

ਅਣਖ ਤੋਂ ਗਿਰ ਜਾਣਾ, ਸਮਝੌਤਾ ਕਰ ਜਾਣਾ
ਕਦੇ ਵੀ ਚਿਤਵਾਂ ਨਾ ਮੌਤੋਂ ਪਹਿਲਾਂ ਮਰ ਜਾਣਾ

ਸੱਚ ਜ਼ਿੰਦਗੀ ਦਾ ਗਹਿਣਾ ਸੱਚ ਮੂੰਹ 'ਤੇ ਹੈ ਕਹਿਣਾ,
ਫਿਰ ਮੋਢੇ ਕੀ ਕਰਨੇ ਜਦ ਸੱਚ ਨਹੀਂ ਰਹਿਣਾ,
ਸੱਚ ਨਾਲ ਬਥੇਰੇ ਨੇ ਇਹ ਜਾਣੇ ਨਾ ਡਰ ਜਾਣਾ

ਡਰ ਡਰ ਕੇ ਜੀਣਾ, ਮਰ ਮਰ ਕੇ ਜੀਣਾ
ਇਹ ਵੀ ਕੋਈ ਜੀਵਨ ਹੈ ਪਲ ਪਲ ਜ਼ਹਿਰ ਪੀਣਾ
ਮਾਰ ਉਡਾਰੀ ਮੈਂ ਬ੍ਰਹਿਮੰਡ ਨੂੰ ਸਰ ਜਾਣਾ

ਦੇਵਾਂ ਅਣਖ ਨਿਮਾਣੇ ਨੂੰ ਤਾਣ ਨਿਤਾਣੇ ਨੂੰ
ਜਾਬਰ ਮੂਹਰੇ ਅੜ ਜਾਵਾਂ ਮੰਨਾਂ ਨਾ ਭਾਣੇ ਨੂੰ
ਜਾਣਾਂ ਮਿੱਤਰ ਪਿਆਰ ਲਈ ਜਿੱਤ ਕੇ ਵੀ ਹਰ ਜਾਣਾ

ਕੋਈ ਕੁਫ਼ਰ ਹੀ ਨਾ ਤੋਲੇ, ਲੋਕਾਂ ਵਿਚ ਨਾ ਡੋਲੇ,
'ਝੱਜ' ਦੇ ਜਾਣ ਪਿਛੋਂ ਜੋ ਬੋਲੇ ਸੱਚ ਬੋਲੇ
ਮੱਥੇ ਵਿਚ ਸੋਚ ਜਗ੍ਹਾ ਇਓ ਭਵਜਲ ਤਰ ਜਾਣਾ

ਅਣਖ਼ ਤੋਂ ਗਿਰ ਜਾਣਾ ਸਮਝੌਤਾ ਕਰ ਜਾਣਾ,
ਕਦੇ ਵੀ ਚਿਤਵਾਂ ਨਾ ਮੌਤੋਂ ਪਹਿਲਾਂ ਮਰ ਜਾਣਾ।

ਗਜ਼ਲ

ਦੁੱਖ ਲਕੋਣਾ ਦਿਲ ਨੂੰ ਲਾਉਣਾ ਕਦੇ ਨਾ ਘੱਟ ਗੁਜਾਰੇ
ਜਦ ਵੀ ਕਿਧਰੇ ਇਉਂ ਹੋ ਜਾਵੇ ਫਿਰ ਤਿਲ ਤਿਲ ਕਰਕੇ ਮਾਰੇ।

ਰੋਂਦੇ ਰੋਂਦੇ ਖਿੜ ਖਿੜ ਹੱਸਣਾ ਹੱਸਦੇ ਹੱਸਦੇ ਰੋਣਾ
ਫੁੱਲਾਂ ਵਾਂਗੂੰ ਰੂਹ ਖਿੜ ਜਾਵੇ ਮੀਤ ਜਾ ਭਰੇ ਹੁੰਗਾਰੇ।

ਆਪੋ ਰੋ ਕੇ ਚੁੱਪ ਕਰ ਸੱਜਣਾ ਕਿਸੇ ਨਾ ਚੁਪ ਕਰਾਉਣਾ
ਏਥੇ ਨਾ ਕੋਈ ਮਨ ਦਾ ਮਹਿਰਮ ਲੈ ਪ੍ਰਦੇਸ ਨਜ਼ਾਰੇ

ਮਹਾਰਾਜਾ ਰਣਜੀਤ ਸਿੰਘ ਜਾਂ ਰਾਮ ਰਾਜ ਦੀਆਂ ਗੱਲਾਂ
ਬਿਨ ਪੈਸੇ ਕੋਈ ਕੰਮ ਨਾ ਹੋਵੇ ਇਹ ਹੈ ਭਾਰਤ ਪਿਆਰੇ।

ਪਿਓ ਪੁੱਤਰ ਅਤੇ ਨੂੰਹ ਸੱਸ ਦੀ ਜਿੱਥੇ ਕਿਧਰੇ ਬਣਦੀ
ਉਹ ਘਰ ਦੂਰੋਂ ਹੀ ਦੇ ਦਿੰਦਾ ਸੁਰਗਾਂ ਦੇ ਝਲਕਾਰੇ।

ਅੱਜ ਹੋਜੁਗਾ ਕੱਲ ਕਰਾਂਗੇ ਲੜ ਲੜ ਲੋਕੀਂ ਮਰਦੇ
ਵੇਲ਼ੇ ਸਿਰ ਨਾ ਕਰੇ ਫੈਸਲਾ ਕੁਰਸੀ ਲਾਉਂਦੀ ਲਾਰੇ।

ਨਾ ਅੱਕ ਐਵੇਂ ਦੁਨੀਆਂ ਕੋਲੋਂ ਫੇਰ ਨਾ ਮੁੜ ਕੇ ਲੱਭਣੀ
ਅੱਜ ਵੀ ਤੇਰਾ ਭਲਕ ਵੀ ਤੇਰਾ ਕਰਦੇ ਹੁਣੇ ਨਿਤਾਰੇ।

ਉੱਠ ਜਸਵੀਰ ਤੂੰ ਕਰ ਲੈ ਹਿੰਮਤ ਬਹਿ ਕੇ ਇਓ ਨਾ ਸਰਨਾ
ਇਕ ਰਸਤਾ ਜੇ ਬੰਦ ਹੋ ਗਿਆ ਹੋਰ ਬੜੇ ਨੇ ਚਾਰੇ।

ਦੁੱਖ ਲਕੋਣਾ ਦਿਲ ਨੂੰ ਲਾਉਣਾ ਕਦੇ ਨਾ ਘੱਟ ਗੁਜਾਰੇ,
ਜਦ ਵੀ ਕਿਧਰੇ ਇਓਂ ਹੋ ਜਾਵੇ ਫਿਰ ਤਿਲ ਤਿਲ ਕਰਕੇ ਮਾਰੇ।

ਗਜ਼ਲ਼

ਦਿਨ ਮਹੀਨੇ ਰੁੱਤਾਂ, ਮੁੜ ਘਿੜ ਸਾਲ ਉਹੀ ਨੇ।
ਕਾਹਦੇ ਤਿੱਥ ਤਿਉਹਾਰ ਸਾਡੇ ਤਾਂ ਹਾਲ ਉਹੀ ਨੇ

ਹੱਕ ਸੱਚ ਲਈ ਲੜਦੇ ਜੋ ਨਾ ਡਰਨ ਕਦੇ,
ਬਦਲ ਸਮੇਂ ਦੀ ਦਿੰਦੇ ਇਕ ਦਿਨ ਚਾਲ ਉਹੀ ਨੇ

ਊਈਂ ਬਥੇਰੇ ਮਿਲ ਜਾਂਦੇ ਨੇ ਤੁਰਦੇ ਫਿਰਦੇ,
ਜਿਹੜੇ ਬੇਲੀ ਹੁੰਦੇ, ਬਣਦੇ ਢਾਲ ਉਹੀ ਨੇ

ਨਿੱਤ ਬਦਲਣ ਸਰਕਾਰਾਂ ਕੋਈ ਫਰਕ ਨਹੀਂ ਪੈਂਦਾ,
ਲੇਬਲ ਜਾਂਦੇ ਬਦਲ ਭਾਵੇਂ ਪਰ ਖਿਆਲ ਉਹੀ ਨੇ

ਗੁਣ ਵਾਲੇ ਤਾਂ ਕਦੇ ਵੀ ਗੁੱਝੇ ਰਹਿੰਦੇ ਨਾ
ਰੂੜੀ 'ਤੇ ਵੀ ਦਗਦੇ ਹੁੰਦੇ ਲਾਲ ਓਹੀ ਨੇ।

ਜਿੰਨੇ ਮਰਜ਼ੀ ਨਾਚ ਨੱਚ ਲੈ ਵਿੰਗੇ ਟੇਢੇ
ਕਦੇ ਨਹੀਂ ਬਦਲਦੇ ਸਦੀਆਂ ਤੋਂ ਸੁਰ ਤਾਲ ਓਹੀ ਨੇ

'ਝੱਜ' ਤੂੰ ਬਚ ਕੇ ਰਹਿ ਉਨ੍ਹਾਂ ਦੀਆਂ ਚਾਲਾਂ ਤੋਂ
ਕੱਛ ਜਿੰਨਾਂ ਦੇ ਛੁਰੀਆਂ, ਹੁੰਦੇ ਦਿਆਲ ਓਹੀ ਨੇ।

ਦਿਨ ਮਹੀਨੇ ਰੁੱਤਾਂ ਮੁੜ ਘਿੜ ਸਾਲ ਓਹੀ ਨੇ।
ਕਾਹਦੇ ਤਿੱਥ ਤਿਉਹਾਰ ਸਾਡੇ ਤਾਂ ਹਾਲ ਓਹੀ ਨੇ।

ਜਗਜੀਤ ਸਿੰਘ ਗੁਰਮ

ਸਰਘੀ ਦਾ ਸਿਰਨਾਵਾਂ

ਕੌਣ ਦਰਾਂ ਤੇ ਦਸਤਕ ਦੇ ਕੇ ਲੰਘ ਗਿਐ।
ਸਰਘੀ ਦਾ ਸਿਰਨਾਵਾਂ ਬੂਹੇ ਟੰਗ ਗਿਐ।

ਸੁਪਨਾ ਸੀ ਜਾਂ ਰਾਤਾਂ ਦਾ ਕੋਈ ਚੰਨ ਤਾਰਾ।
ਖੁਸ਼ੀਆਂ ਵੰਡਦਾ ਫਿਰਦੈਂ ਬਣ ਜੋ ਹਰਕਾਰਾ
ਬੇਰੰਗੀਆਂ ਤਸਵੀਰਾਂ ਭਰ ਕੇ ਰੰਗ ਗਿਐ
ਕੌਣ ਦਰਾਂ ਤੇ . . . ।

ਮੁਰਝਾਏ ਹੋਏ ਚਾਅ ਵੀ ਮੁੜ ਕੇ ਮੌਲੇ ਨੇ।
ਭਰਨ ਉਡਾਰੀ ਲੱਗਣ ਹਵਾ ਤੋਂ ਹੌਲੇ ਨੇ।
ਅੰਬਰ ਨੇ ਅੱਖ ਖੋਲ੍ਹੀ ਤੱਕ ਰਹਿ ਦੰਗ ਗਿਐ।
ਕੌਣ ਦਰਾ ਤੇ. . . .।

ਕਿੱਧਰੇ ਕਲੀਆਂ ਬਣ ਬਣ ਕੇ ਫੁੱਲ ਖਿੜੀਆਂ ਨੇ।
ਗੱਲਾਂ ਉਹਦੀ ਛੋਹ ਦੀਆਂ ਜਦ ਵੀ ਛਿੜੀਆਂ ਨੇ।
ਸ਼ਬਨਮ ਵਾਂਗੂੰ ਜਿਉਂਣ ਦਾ ਦਸ ਕੇ ਢੰਗ ਗਿਐ।
ਕੌਣ ਦਰਾਂ ਤੇ.. . .।

ਕੋਸੀ ਕੋਸੀ ਧੁੱਪ ਉਵੇਂ ਮੁਸਕਾਂਦੀ ਹੈ।
ਸੱਜ ਵਿਆਹੀ ਜੀਕਣ ਘੁੰਡ ਉਠਾਂਦੀ ਹੈ।
ਖੁਸ਼ੀਆਂ ਦੇ ਪਲ ਗੁਰਮ ਵੀ ਉਹਤੋਂ ਮੰਗ ਗਿਐ।

ਕੌਣ ਦਰਾਂ ਤੇ ਦਸਤਕ ਦੇ ਕੇ ਲੰਘ ਗਿਐ
ਸਰਘੀ ਦਾ ਸਿਰਨਾਵਾਂ ਬੂਹੇ ਟੰਗ ਗਿਐ।

ਗੀਤ

ਫੁੱਲਾਂ ਨੇ ਜਦ ਰਾਹ ਮੇਰਾ ਮਹਿਕਾਇਆ ਹੈ
ਗੀਤ ਮੇਰਾ ਫਿਰ ਕਲਮ ਦੀ ਕੁੱਖੋਂ ਜਾਇਆ ਹੈ।

ਫੁੱਲਾਂ ਵਿਹੜੇ ਜਾਣਾ ਏਡਾ ਸੌਖਾ ਨਾ।
ਪਤਝੜ ਨੂੰ ਸਮਝਾਣਾ ਏਡਾ ਸੌਖਾ ਨਾ।
ਰਾਹ ਕੰਡਿਆਲੇ ਬੋਚ ਕੇ ਪੈਰ ਟਿਕਾਇਆ ਹੈ।

ਪੈਰ ਪੈਰ ਤੇ ਠੋਕਰ ਖਾਣ ਦੀ ਆਦਤ ਹੈ ।
ਮੰਜਿਲ ਵੱਲ ਨੂੰ ਕਦਮ ਵਧਾਣ ਦੀ ਆਦਤ ਹੈ।
ਰਾਹਾਂ ਵਿਚ ਮਿਲਿਆ, ਜੋ ਤੱਕ ਮੁਸਕਾਇਆ ਹੈ।

ਫੁੱਲਾਂ ਵਰਗੇ ਗੀਤ ਸਗੰਧਾਂ ਵੰਡਦੇ ਨੇ।
ਗੀਤਾਂ ਵਰਗੇ ਮੀਤ ਸੁਗੰਧਾਂ ਵੰਡਦੇ ਨੇ।
ਥੱਕਣ ਕਦੇ ਨਾ ਅੱਕਣ, ਕਰਮ ਕਮਾਇਆ ਹੈ।

ਗੀਤ, ਫੁੱਲ ਤੇ ਮੀਤ ਮੇਰਾ ਸਿਰਨਾਵਾਂ ਹੈ।
ਸੱਚੀ ਸੁੱਚੀ ਪ੍ਰੀਤ ਮੇਰਾ ਸਿਰਨਾਵਾਂ ਹੈ।
'ਗੁਰਮ' ਦੇ ਪੱਲੇ ਬਸ ਇਹੀ ਸਰਮਾਇਆ ਹੈ।
ਫੁੱਲਾਂ ਨੇ . . . .

ਗੀਤ

ਗੁੱਡੀਓ, ਨੀ ਗੱਲ ਸੁਣ ਲਉ ਮੇਰੀ।
ਸਾਨੂੰ ਥੋਡੀ ਲੋੜ ਬਥੇਰੀ।
ਮੁੜ ਇਹ ਕਰਮ ਕਮਾਇਓ ਨਾ
ਅਸਮਾਨੋਂ ਜੇ ਮੀਂਹ ਨੀ ਵ੍ਹਰਦਾ
ਗੁੱਡੀਆਂ ਤੁਸੀ ਜਲਾਇਓ ਨਾ।

ਪਹਿਲਾਂ ਹੀ ਤੁਸੀਂ ਮੁਕਦੀਆਂ ਜਾਵੋਂ।
ਫੁੱਲਾਂ ਵਾਂਗੂੰ ਟੁੱਟਦੀਆਂ ਜਾਵੋਂ
ਥੋਡੇ ਨਾਲ ਹੀ ਘਰ ਨੇ ਵੱਸਦੇ।
ਥੋਡੇ ਨਾਲ ਹੀ ਵਿਹੜੇ ਹੱਸਦੇ।
ਆਪਣਾ ਆਪ ਸੰਭਾਲੋ ਆਪੇ
ਆਪਣਾ ਆਪ ਗਵਾਇਉ ਨਾ।

ਭੋਲੇ ਭਾਲੇ ਚਿਹਰੇ ਥੋਡੇ।
ਲੰਮੇ ਲੰਮੇ ਜੇਰੇ ਥੋਡੇ
ਤੰਦਾਂ ਮੋਹ ਦੀਆਂ ਥੋਡੇ ਵਰਗੀਆਂ।
ਸਭੇ ਰੁੱਤਾਂ ਗੱਲਾਂ ਕਰਦੀਆਂ
ਮਹਿਕਾਵੋਂ ਤੁਸੀਂ ਦੁਨੀਆ ਸਾਰੀ
ਮਹਿਕਾਂ ਦੂਰ ਭਜਾਇਉ ਨਾ

ਸਭ ਤੋਂ ਵੱਧ ਕੇ ਦੁੱਖ ਹੰਡਾਵੋਂ
ਸਭ ਤੋਂ ਵੱਧ ਕੇ ਸੁੱਖ ਵੰਡਾਵੋਂ
ਖੁਸ਼ੀਆਂ ਦੀ ਗੱਲ ਥੋਡੇ ਹਿੱਸੇ
ਥੋਡੇ ਕੋਲ ਮੁਹੱਬਤ ਕਿੱਸੇ॥
ਥੋਡੇ ਨਾਲ ਹੀ ਵੱਸੇ ਲੋਕਾਈ
ਇਹ ਗੱਲ ਕਦੇ ਭੁਲਾਇਉ ਨਾ

ਰੱਖਿਓ ਆਪਣਾ ਆਪ ਬਚਾ ਕੇ
ਗੁੱਡੀਆਂ ਰੱਖਿਉ ਸਦਾ ਸਜਾ ਕੇ।
ਆਪਣਾ ਆਪ ਨਾ ਸਾੜੋ ਆਪੇ।
ਜੰਮੀਆ ਗਰਦਾਂ ਝਾੜੋ ਆਪੇ।
ਗੱਲ ਗੁਰਮ ਦੀ ਮੰਨਿਉ ਗੁੱਡੀਓ
ਆਪਣਾ ਆਪ ਮੁਕਾਇਉ ਨਾ।

ਅਸਮਾਨੋਂ ਜੋ ਮੀਂਹ ਨੀ ਵ੍ਹਰਦਾ
ਗੁੱਡੀਆਂ ਤੁਸੀਂ ਜਲਾਇਉ ਨਾ।

ਤੀਆਂ ਤੇ ਧੀਆਂ

ਪਿੱਪਲ ਉਦਾਸ ਹੈ।
ਜਿਓਂਦੀ ਪਰ ਆਸ ਹੈ।
ਉਹ ਦਿਨ ਮੁੜ ਆਉਣਗੇ।
ਜੋ ਰੌਣਕਾਂ ਲਿਆਉਣਗੇ।
ਪੀਂਘਾਂ ਨਹੀਓ ਪੈਂਦੀਆਂ
ਟਹਿਣੀਆਂ ਨੇ ਕਹਿੰਦੀਆਂ
ਕਿੱਥੇ ਤੁਰ ਗਈਆਂ ਨੇ
ਸਾਰੀਆਂ ਹੀ ਸਈਆਂ ਨੇ
ਪਿੜ ਸੁੰਨੇ ਹੋ ਗਏ
ਗੀਤ ਕਿੱਥੇ ਖੋ ਗਏ।
ਤੀਆਂ ਨਹੀਓ ਲੱਗਦੀਆਂ
ਰੁੱਤਾਂ ਨਈਓਂ ਫੱਬਦੀਆਂ
ਕਿਥੇ ਗਈਆਂ ਕੁੜੀਆਂ।
ਹਾਲੇ ਵੀ ਨਾ ਮੁੜੀਆਂ
ਚਿੱਤ ਨਈਓਂ ਲੱਗਦਾ

ਨੀਰ ਨੈਣੋਂ ਵੱਗਦਾ
ਸਾਉਣ ਦਾ ਮਹੀਨਾ ਹੈ।
ਮੱਥੇ ਤੇ ਪਸੀਨਾ ਹੈ।
ਹਰ ਸ਼ੈਅ ਨਿਰਾਸ਼ ਹੈ।
ਬੁਝੀ ਨਾ ਪਿਆਸ ਹੈ।
ਪਿੱਪਲ ਉਦਾਸ ਹੈ।
ਜਿਉਂਦੀ ਪਰ ਆਸ ਹੈ।

ਤੀਆਂ ਕਿਥੋਂ ਲੱਗਣੀਆਂ।
ਰੁੱਤਾਂ ਕਿਥੋਂ ਫੱਬਣੀਆਂ।,
ਪੇਟ ਵਿਚ ਮਰਦੀਆਂ।
ਦਾਜ ਬਲੀ ਚੜ੍ਹਦੀਆਂ
ਧੀ ਦਾ ਬੁਰਾ ਹਾਲ ਹੈ।
ਸਾਡੇ ਤੇ ਸਵਾਲ ਹੈ।
ਸੋਚ ਨੂੰ ਕੀ ਹੋ ਗਿਆ।
ਸੁਪਨਾ ਜੇ ਖੋ ਗਿਆ।
ਕਿੱਥੋਂ ਫੇਰ ਭਾਲੋਗੇ
ਅੱਖੀਆਂ ਨੂੰ ਗਾਲ਼ੋਗੇ।
ਧੀਆਂ ਜਾਣ ਮੁੱਕਦੀਆਂ
ਜੜ੍ਹਾਂ ਜਾਣ ਸੁੱਕਦੀਆਂ
ਧੀਆਂ ਨੇ ਬਚਾਉਣੀਆਂ
ਜੇ ਰੌਣਕਾਂ ਲਿਆਉਣੀਆਂ
ਇਹ ਮਹਿਕਾਂ ਨੇ ਤੀਆਂ ਨੇ
ਇਹ ਕੂੰਜਾਂ ਨੇ ਧੀਆਂ ਨੇ
ਇਹ ਫੁੱਲਾ ਦੀਆਂ ਟਹਿਣੀਆਂ
ਇਹ ਸਭ ਦੁੱਖ ਸਹਿਣੀਆਂ

ਇਹ ਪੀਘਾਂ ਸਤਰੰਗੀਆਂ
ਲੱਗਦੀਆਂ ਚੰਗੀਆਂ
ਇਹ ਦੂਰ ਹੈ ਜਾਂ ਪਾਸ ਹੈ।
ਮਹਿਕਾਂ ਦਾ ਵਾਸ ਹੈ।

ਪਿੱਪਲ ਉਦਾਸ ਹੈ।
ਜਿਉਂਦੀ ਪਰ ਆਸ ਹੈ।
ਉਹ ਦਿਨ ਮੁੜ ਆਉਣਗੇ।
ਜੋ ਰੌਣਕਾਂ ਲਿਆਉਣਗੇ।

ਜਗਦੀਸ਼ ਨੀਲੋਂ

ਗਜ਼ਲ

ਅਰਥ ਚੋਰੀ ਹੋ ਗਏ, ਜੋ ਚੁੱਪ ਦੇ ਸੰਵਾਦ ਚੋਂ
ਵੈਣ ਤੇ ਬੱਚਿਆਂ ਦੀ ਲੋਰੀ ਖੋਹ ਸਕੇ ਨਾ ਯਾਦ ਚੋਂ

ਇਸਨੂੰ ਬੇਲੋੜੀ ਜਿਹੀ ਵਸਤੂ ਸਮਝ ਕੇ ਛੱਡ ਗਿਆ
ਬਹੁਤ ਕੁਝ ਲੱਭਣ ਨੂੰ ਬਾਕੀ ਹੈ ਦਿਲ ਬਰਬਾਦ 'ਚੋਂ

ਮਿਟ ਰਹੇ ਨੇ ਪੈਰ ਚਿੰਨ੍ਹ ਰਫ਼ਤਾਰ ਦੇ ਇਸ ਦੌਰ ਵਿਚ
ਕੁਝ ਵੀ ਆਪਣੇ ਜਿਹਾ ਲੱਭਣਾ ਨਹੀਂ ਔਲਾਦ 'ਚੋਂ

ਖੇਤ ਵੀ ਤਾਂ ਕਹਿ ਰਹੇ ਨੇ, ਬੰਜਰਾਂ ਦੀ ਦਾਸਤਾਨ
ਤੱਤ ਸਾਰੇ ਕੌਣ ਖੋਹ ਕੇ ਲੈ ਗਿਆ ਹੈ ਖਾਦ 'ਚੋਂ

ਅੰਤ ਦਾ ਕਿੰਨਾ ਮਹੱਤਵ ਹੈ, ਉਦੋਂ ਹੀ ਜਾਣਿਆਂ
ਜ਼ਿੰਦਗੀ ਮਨਫੀ ਜਿਹੀ ਜਦ ਵੀ ਹੋਈ ਹੈ ਆਦ 'ਚੋਂ

ਬਹੁਤ ਕੁਝ ਹਾਸਿਲ ਕਰਨ ਦੇ ਇਸ ਪੜਾਅ 'ਤੇ ਪੁੱਜ ਕੇ
ਨਾ ਮਾਤਰ ਰਹਿ ਗਏ ਬੰਦੇ, ਬੜੀ ਤਾਦਾਦ 'ਚੋਂ।

ਗਜ਼ਲ

ਖਿਡੌਣੇ ਖੋਜ ਤੇ ਦਿਲ ਵਾਸਤੇ ਰੁਜ਼ਗਾਰ ਪੈਦਾ ਕਰ
ਕਦੇ ਹੰਝੂ, ਕਦੇ ਹੌਂਕੇ ਲਈ ਆਧਾਰ ਪੈਦਾ ਕਰ

ਅਗਾਹਾਂ ਲੰਘ ਗਏ ਨੇ ਕਾਫ਼ਲੇ ਤੇਰੇ ਬਰਾਬਰ ਤੋਂ
ਨਿਰੰਤਰ ਚੱਲਣਾ ਕਾਫੀ ਨਹੀਂ ਰਫ਼ਤਾਰ ਪੈਦਾ ਕਰ

ਕੋਈ ਹਰਕਤ ਨਹੀਂ ਦਰਿਆ ਦੀਆਂ ਖਾਮੋਸ਼ ਲਹਿਰਾਂ ਵਿਚ
ਕਿਤੇ ਡੁੱਬਣ ਲਈ, ਤੈਰਨ ਲਈ ਆਸਾਰ ਪੈਦਾ ਕਰ

ਕਦੋਂ ਤੱਕ ਜੀਣਗੇ ਦਰਗੰਧ ਵਿਚ ਇਹ ਲੋਕ ਬਸਤੀ ਦੇ
ਇਦ੍ਹੇ ਨੇੜੇ ਕਈ ਖੁਸ਼ਬੂ ਜਿਹਾ ਬਾਜ਼ਾਰ ਪੈਦਾ ਕਰ

ਨਕਾਰੇ ਜਾਣ ਦਾ ਝੋਰਾ ਵੀ ਤਾਂ ਵਸਤੂ ਜਿਹਾ ਹੁੰਦੈ
ਕਬੂਲੇ ਜ਼ਿੰਦਗੀ ਜਿਸਨੂੰ, ਮਨਾ ਉਪਹਾਰ ਪੈਦਾ ਕਰ

ਨਿਕੰਮਾਂ ਹੋਣ ਦੇ ਅਹਿਸਾਸ ਵਿਚ ਮਰ ਜਾਏਂਗਾ ਇਕ ਦਿਨ
ਕਿਸੇ ਲਈ ਫੁੱਲ ਪੈਦਾ ਕਰ, ਕਿਸੇ ਲਈ ਖਾਰ ਪੈਦਾ ਕਰ

ਇਨ੍ਹਾਂ ਬੰਜਰ ਜ਼ਮੀਨਾਂ ਨੇ ਸਦਾ ਆਵਾਜ਼ ਦਿੱਤੀ ਹੈ
ਬਹੁਤ ਭੁੱਖੇ ਪਿਆਸੇ ਲੋਕ ਹਨ, ਆਹਾਰ ਪੈਦਾ ਕਰ।

ਗਜ਼ਲ

ਕਦੇ ਤਾਂ ਜਾਪਦਾ, ਕੁਝ ਨੀਂ ਕਥਾ ਵਿਚ ਜਾ ਫਸਾਨੇ ਵਿਚ
ਕਦੇ ਲੱਗਦਾ ਹੈ ਆਪਣੀ ਹੀ ਕਹਾਣੀ ਜ਼ਮਾਨੇ ਵਿਚ

ਜਦੋਂ ਵੀ ਜਾਗਦਾ, ਕਰਜ਼ੇ ਦਾ ਰੋਣਾ ਰੋਣ ਬਹਿ ਜਾਵੇ
ਅਥਾਹ ਵਾਧਾ ਹੋਇਆ ਲਗਦਾ ਹੈ ਕਾਰੂੰ ਦੇ ਖ਼ਜ਼ਾਨੇ ਵਿਚ

ਮੈਂ ਉਸਦੇ ਘਰ ਗਿਆ ਤਾਂ ਚਹਿਕਦਾ ਚਿਹਰਾ ਨਜ਼ਰ ਆਇਆ
ਰਤਾ ਭਰ ਤਾਂ ਫਰਕ ਹੁੰਦਾ, ਚਲਾਕੀ ਵਿਚ ਬਹਾਨੇ ਵਿਚ

ਸਦਾ ਲਈ ਦੂਰ ਕਰ ਦਿੱਤਾ ਉਡਾਰੀ ਭਰਨ ਦਾ ਖਤਰਾ
ਬਹੁਤ ਮਹਿਫੂਜ਼ ਹੋ ਗਏ ਬੋਟ ਅਜ ਕੱਲ ਆਸ਼ਿਆਨੇ ਵਿਚ

ਉਹ ਜਿਸ 'ਚੋਂ ਖੋਹ ਲਿਆ ਮਾਸੂਮ ਹਾਸਾ, ਘਰ ਸਮਝਦੇ ਨੇ
ਬਣਨ ਲੱਗੇ ਨੇ ਬਸ ਰੋਬੋਟ ਘਰ ਦੇ ਕਾਰਖਾਨੇ ਵਿਚ

ਬਹੁਤ ਚੀਤੇ ਤੇ ਬੱਬਰ ਸ਼ੇਰ ਵੀ ਮੁੰਨੇ ਗਏ ਏਥੇ
ਇੱਕਲੀ ਭੇਡ ਹੀ ਮੁੰਨੀ ਨਹੀਂ ਜਾਂਦੀ ਜ਼ਮਾਨੇ ਵਿਚ

ਨਹੀਂ ਦੀਵਾਰ ਨਾ ਬੈਰਕ, ਨਾ ਤਾਲਾ, ਸੰਤਰੀ ਵੀ ਨਾ
ਸਜ਼ਾ ਪੂਰੀ ਕਰਨ ਦਾ ਫਿਕਰ ਹੈ ਇਸ ਕੈਦਖਾਨੇ ਵਿਚ

ਗਜ਼ਲ

ਭਲੇ ਬੁਰੇ ਦੀਆਂ ਕੁਝ ਤਸਵੀਰਾਂ ਹੁੰਦੀਆਂ ਨੇ
ਮਨ ਵਿਚ ਹੁਣ ਇਹੋ ਤਦਬੀਰਾਂ ਹੁੰਦੀਆਂ ਨੇ

ਭਰੇ ਪਏ ਸ਼ੋਅ-ਰੂਮ ਕੀਮਤੀ ਪਹਿਰਾਵੇ
ਜੀਵਨ ਦੇ ਤਨ 'ਤੇ ਕੁਝ ਲੀਰਾਂ ਹੁੰਦੀਆਂ ਨੇ

ਪਰਦੇ ਪਿਛੇ ਹੋਰ ਬਹੁਤ ਕੁਝ ਹੁੰਦਾ ਹੈ
ਪਰਦੇ 'ਤੇ ਤਾਂ ਕੁਝ ਤਸਵੀਰਾਂ ਹੁੰਦੀਆਂ ਨੇ

ਪੈਰ ਯਾਤਾਰਾ ਕਰਨ ਲਈ ਜਦ ਵੀ ਤੁਰਦੇ
ਪੈਰੀਂ ਅਣਦਿਸੀਆਂ ਜੰਜ਼ੀਰਾਂ ਹੁੰਦੀਆਂ ਨੇ

ਫਿਰ ਅਪਣਾ ਬਿਰਤਾਂਤ ਫੋਲ ਕੇ ਬੈਠਾ ਹੈ
ਜਿਵੇਂ ਖੁੱਦੋ ਦੀਆਂ ਫਟੀਆਂ ਲੀਰਾਂ ਹੁੰਦੀਆਂ ਨੇ।

ਗਜ਼ਲ

ਗੁਆਚੀ ਸ਼ਾਮ ਨੂੰ ਲੱਭਣ ਤੁਰੇ ਹਾਂ
ਕਿ ਆਪਣੇ ਨਾਮ ਨੂੰ ਲੱਭਣ ਤੁਰੇ ਹਾਂ
ਕਿਤੇ ਜੰਗਲ 'ਚ ਜਾ ਕੇ ਗੁੰਮ ਗਿਆ ਹੈ
ਭਟਕਦੇ ਰਾਮ ਨੂੰ ਲੱਭਣ ਤੁਰੇ ਹਾਂ
ਉਹ ਖਾਮੋਸ਼ੀ 'ਚੋਂ ਜਿਹੜਾ ਝਾਕਦਾ ਹੈ
ਉਸੇ ਕੁਹਰਾਮ ਨੂੰ ਲੱਭਣ ਤੁਰੇ ਹਾਂ
ਜੋ ਹੋਠਾਂ ਤੱਕ ਸਾਬਤ ਪਹੁੰਚ ਜਾਵੇ
ਅਜਿਹੇ ਜਾਮ ਨੂੰ ਲੱਭਣ ਤੁਰੇ ਹਾਂ
ਉਨ੍ਹਾਂ ਦੀ ਜ਼ੁਲਫ ਹੋਵੇ ਜਾਮ ਹੋਵੇ
ਅਜਿਹੀ ਸ਼ਾਮ ਨੂੰ ਲੱਭਣ ਤੁਰੇ ਹਾਂ
ਬਿਨਾਂ ਚਾਹੇ ਝੁਕੇ ਸਿਰ ਆਂ' ਮੁਹਾਰੇ
ਅਸੀਂ ਉਸ ਧਾਮ ਨੂੰ ਲੱਭਣ ਤੁਰੇ ਹਾਂ
ਉਹ ਜਿਸਨੇ ਖਾਸ ਵਿਚ ਤਬਦੀਲ ਹੋਣੈਂ
ਅਸੀਂ ਉਸ ਆਮ ਨੂੰ ਲੱਭਣ ਤੁਰੇ ਹਾਂ

ਜਗਦੇਵ ਖੰਨਾ

ਇੱਛਾ

ਐਵੇਂ ਨਾ ਇਛਾ ਵੱਡੀ ਧਾਰੀਂ
ਵੇਖਕੇ ਚਾਦਰ ਪੈਰ ਪਸਾਰੀਂ

ਬਣ ਏਜੰਟ ਜਾਂ ਸਾਧ ਪਾਖੰਡੀ
ਨਾ ਸੱਜਣਾਂ ਤੂੰ ਠੱਗੀਆਂ ਮਾਰੀਂ

ਕਿਰਤ ਕਰੀਂ ਕੋਈ, ਰੱਜ ਕੇ ਖਾਈਂ
ਬਣ ਇਨਸਾਨ ਤੂੰ ਜਨਮ ਸਵਾਰੀਂ

ਮਾੜੇ ਦੇ ਹੱਕ 'ਚ ਖੜੀਂ ਸਦਾ ਤੂੰ
ਜ਼ਾਲਮ ਦਾ ਨਾ ਜ਼ੁਲਮ ਸਹਾਰੀਂ

ਲੜੀਂ ਨਾ ਐਵੇਂ ਮਜ਼ਬਾਂ ਖਾਤਰ
ਲੋਕਾਂ ਲਈ ਜਿੰਦ ਆਪਣੀ ਵਾਰੀਂ

ਸਿਦਕ ਨਾਲ ਹੈ ਮਿਲਦੀ ਮੰਜਿਲ
ਜਗਦੇਵ ਕਦੇ ਨਾ ਹਿੰਮਤ ਹਾਰੀਂ

ਜਨਮੇਜਾ ਸਿੰਘ ਜੌਹਲ

ਫ਼ੈਸਲਾ

ਮੇਰੇ ਸਾਹਾਂ ਨੂੰ ਕਰਦੇ ਨਮ
ਆਪਣੇ ਪੱਤਿਆਂ ਨਾਲ
ਜੋ ਛੱਡਦੇ ਨੇ ਅਕਾਸ਼ ਵਿੱਚ
ਪਾਣੀ ਨੂੰ ਬਣਾ ਵਾਸ਼ਪ
ਤੇ ਦੇ ਮੇਰੀਆਂ ਆਂਦਰਾਂ ਨੂੰ
ਉਹੋ ਸਮਰਥਾ,
ਜੋ ਤੇਰੀ
ਤਣੇ ਦੇ ਹਰ ਰੋਮ 'ਚ
ਵਗਦੀਆਂ ਨਦੀਆਂ 'ਚ ਹੈ
ਮੇਰੀ ਰੂਹ ਨੂੰ ਨਸ਼ਿਆ ਦੇ
ਧਰਤੀ ਹੇਠਲੇ ਪਾਣੀ ਨਾਲ
ਆਪਣੀਆਂ ਜੜ੍ਹਾਂ ਸੰਗ ਸੰਗੈ ਕੇ
ਤੇ ਆਪਣੀਆਂ ਟਾਹਣੀਆਂ ਦੇ ਝੁਰਮਟ
ਮੇਰਾ ਬਣਾ ਦੇ ਆਸਣ
ਤਾਂਕਿ ਮੈਂ
ਫੈਸਲੇ ਲੈ ਸਕਾਂ,
ਜ਼ਿੰਦਗੀ ਜਿਊਣ ਦੇ ਦੇ

00

ਪੰਛੀਆਂ ਨੂੰ ਚਹਿਕਣ ਦਿਓ
ਫਲਾਂ ਨੂੰ ਮਹਿਕਣ ਦਿਓ
ਧਰਤੀ ਦੀ ਹਿੱਕ ਸੁਆਰ ਕਿ
ਮੈਨੂੰ ਕੁਝ ਤਾਂ ਬੀਜਣ ਦਿਓ

ਸਰਦ ਮੌਸਮ ਵੀ
ਖਤਮ ਹੋ ਜਾਵੇਗਾ
ਬਹਾਰਾਂ ਨੂੰ ਜ਼ਰਾ ਟਹਿਕਣ ਦਿਓ

00

ਮੇਰੀ ਚੁੱਪ ਨੂੰ
ਦਰਖਤ ਹੀ ਸੁਣ ਸਕਦੇ ਨੇ
ਮੇਰੇ ਹਨੇਰ ਨੂੰ
ਦਰਖਤ ਹੀ ਵੇਖ ਸਕਦੇ ਨੇ
ਮੇਰੀ ਗਰਮੀ ਨੂੰ
ਦਰਖਤ ਹੀ ਸੁਕਾ ਸਕਦੇ ਨੇ
ਮੇਰੀ ਜਾਤ ਨੂੰ
ਦਰਖਤ ਹੀ ਭੁਲਾ ਸਕਦੇ ਨੇ।

00

ਮੈਂ ਜਦੋਂ ਵੀ
ਆਪਣੇ ਰਸਤੇ ਤੋਂ ਗੁਜ਼ਰਦਾ
ਇਕ ਲੰਮਾ ਝੰਮਾ ਦਰਖਤ
ਹਮੇਸ਼ਾ ਮੈਨੂੰ
ਝੁੱਕ ਕਿ ਕੁਝ ਕਹਿੰਦਾ।
ਪੱਤੇ ਮੈਨੂੰ ਵੇਖ
ਜਰੂਰ ਕੁਝ ਬੋਲਦੇ
ਮੈਂ ਉਹਨਾਂ ਦੀ ਸਰ ਸਰ 'ਚੋਂ
ਸ਼ਬਦਾਂ ਦੀਆਂ ਡਾਰਾਂ ਭਾਲਦਾ
ਮੇਰੇ ਨਿੱਤ ਬਦਲਦੇ ਮਾਹੌਲ ਅਨੁਸਾਰ
ਮੈਂ ਨਿੱਤ ਨਵੇਂ ਮਤਲਬ ਕੱਢਦਾ

ਕਈ ਵਾਰੀ ਕਾਹਲੀ ਵਿਚ ਹੁੰਦਾ
ਉਹਨਾਂ ਨੂੰ ਅਣਸੁਣਿਆਂ ਵੀ ਕਰਦਾ
ਕਈ ਵਾਰੀ ਦਰਖਤ ਦੇ ਕੋਲ ਖੜ੍ਹ
ਗੱਲਾਂ ਕਰਨ ਲਗ ਪੈਂਦਾ
ਕਈ ਵਾਰ ਦਰਖਤ ਨਾਲ
ਹਿੱਕ ਲਾਕੇ ਰੋਇਆ ਵੀ
ਹਰ ਸਾਲ ਨਵੇਂ ਪੱਤੇ ਆ ਜਾਣੇ
ਮੈਂ ਉਹੋ, ਪਰ ਪੱਤੇ ਨਵੇਂ
ਫੇਰ ਵੀ ਪਤਾ ਨਹੀਂ
ਨਵੇਂ ਪੱਤੇ ਮੇਰੀ ਪੁਰਾਣੀ ਗੱਲ
ਕਿਵੇਂ ਜਾਣ ਜਾਂਦੇ।
ਦਰਖਤ ਮੇਰਾ ਭੇਤੀ ਹੋ ਗਿਆ
ਇਸੇ ਲਈ ਮੈਂ ਆਪਣਾ ਰਾਹ ਬਦਲ ਲਿਆ ਹੈ।

ਚੁੱਪ

ਜਦੋਂ ਵੀ
ਕੋਈ ਪਿਆਰਾ
ਇਸ ਸੰਸਾਰ ਤੋਂ
ਤੁਰ ਜਾਂਦਾ ਹੈ
ਤਾਂ ਮੈਂ
ਕਿਸੇ ਨਾ ਕਿਸੇ
ਦਰਖਤ ਦੇ
ਗਲ ਲੱਗ ਕਿ ਰੋਂਦਾ ਹਾਂ।
ਆਪਣੇ ਗਮ ਦੀ
ਗਲ ਕਰਦਾ ਹਾਂ
ਦਰਖਤ

ਚੁੱਪ ਚਾਪ ਸੁਣਦਾ ਹੈ
ਤੇ ਆਪਣੀ ਚੁੱਪ
ਮੇਰੇ ਅੰਦਰ ਭਰਦਾ ਹੈ
ਮੈਂ ਸ਼ਾਂਤ ਹੋ ਕੇ
ਜ਼ਿੰਦਗੀ ਦੇ
ਅਗਲੇ ਸਫਰ ਤੇ ਤੁਰ ਪੈਂਦਾ ਹਾਂ।

ਨਾਤਾ

ਇਸੇ ਪਤਝੜ
ਇਕ ਸੁੱਕਾ ਪੱਤਾ
ਉੱਡਦਾ ਉਡਦਾ
ਮੇਰੇ ਮੋਢੇ ਤੇ
ਆ ਬੈਠਾ
ਪੱਤਾ ਮੇਰੇ ਹੱਥਾਂ ਦੀ
ਛੋਹ ਨੂੰ ਤਰਸ ਰਿਹਾ ਸੀ
ਮੈਂ ਮਲਕੜੇ ਜਿਹੇ
ਉਸਨੂੰ ਚੁਕਿਆ ਤੇ
ਹੱਥਾਂ ਨਾਲ ਉਸਦੀਆਂ
ਨਸਾਂ ਨੂੰ ਟੋਹਿਆ
ਇਹ ਸੁਕੀਆਂ ਨਸਾਂ
ਦਰਖਤ ਦੀ ਜਿੰਦਗੀ ਦੀਆਂ
ਅਹਿਮ ਘੌਆਂ
ਜਿਉਂ ਨਿਆਈਆਂ ਸਨ।
ਭਾਵੇਂ ਇਹਨਾਂ ਨੇ
ਮੇਰੇ ਹੱਥਾਂ 'ਚ ਭੁਰਕੇ
ਮਿੱਟੀ ਹੀ ਹੋ ਜਾਣਾ ਹੈ

ਪਰ ਕਿਸੇ ਜਿਊਂਦੇ ਜਾਗਦੇ
ਰੁੱਖ ਨਾਲ
ਮੇਰਾ ਨਾਤਾ ਜੋੜ ਜਾਣਾ ਹੈ।

ਅਵਾਜ਼

ਕੀ ਤੁਹਾਨੂੰ
ਹਵਾ 'ਚੋਂ ਸੁਣਾਈ ਦੇਂਦੀ ਹੈ
ਉਹ ਅਵਾਜ਼
ਜੋ ਜੰਗਲ 'ਚੋਂ ਹਵਾ
ਆਪਣੇ ਨਾਲ ਲਿਆਈ ਹੈ।
ਪੰਛੀਆਂ ਨੂੰ ਪੁਕਾਰਦੀ
ਮਹਿਕਾਂ ਦਾ ਸੁਨੇਹਾ ਵੰਡਦੀ
ਮਨ ਦੀ ਇਕਾਗਰਤਾ ਨੂੰ
ਘਰ ਪਰਤਣ ਲਈ ਆਖਦੀ
ਆਜ਼ਾਦੀ ਦੀ ਇਹ ਅਵਾਜ਼
ਸੁਨਣ ਲਈ
ਖੁਲੇ ਰੱਖੋ ਆਪਣੀਆਂ
ਇੰਦਰੀਆਂ ਦੇ ਦਰਵਾਜ਼ੇ

ਅਲਵਿਦਾ

ਮੇਰੀ ਜੰਗਲ 'ਚੋਂ ਵਾਪਸੀ
ਤੇ ਜੰਗਲ 'ਚ ਆਮਦ
ਮੇਰੀ ਦੋਸਤੀ ਦੇ
ਨਵੇਂ ਮਾਪਦੰਡ ਮਿੱਥ ਗਏ
ਜਦੋਂ ਮੈਂ ਗਿਆ ਸੀ
ਮੇਰੇ ਮਿੱਤਰ ਹੋਰ ਸਨ

ਜਦੋਂ ਮੈਂ ਮੁੜ ਰਿਹਾ ਸੀ
ਤਾਂ ਮੇਰੇ ਦੋਸਤ ਵਧ ਗਏ
ਹੁਣ ਜੰਗਲ ਤੋਂ ਬਾਹਰ
ਹਰ ਪੰਖੀ ਦੀ ਚਹਿਚਹਾਟ
ਮੈਨੂੰ ਮੇਰੇ ਦੋਸਤਾਂ ਦੀ
ਅਲਵਿਦਾ ਲਗਦੀ ਹੈ।

00

ਪਿਆਰੀਓ ਟਾਹਣੀਓ
ਕਿੱਧਰ ਨੂੰ ਇਸ਼ਾਰਾ ਹੈ ਤੁਹਾਡਾ
ਉਹ ਮੇਰੀਓ ਪਿਆਰੀਓ ਟਾਹਣੀਓ
ਕਿਉਂ ਕੱਜਿਆ ਹੈ ਅਸਮਾਨ ਨੂੰ
ਉਹ ਮੇਰੀਓ ਪਿਆਰੀਓ ਟਾਹਣੀਓ
ਕਿਉਂ ਮਹਿਕਾਂ ਵੰਡਦੀਆਂ ਹੋ ਜਹਾਨ ਨੂੰ
ਓ ਮੇਰੀਓ ਪਿਆਰੀਓ ਟਾਹਣੀਓ
ਕਿਉਂ ਫੁੱਲਾਂ ਨੂੰ ਖਿੜ ਕਿ ਮਰਨ ਦੇਂਦੀਆਂ ਓ
ਓ ਮੇਰੀਓ ਪਿਆਰੀਓ ਟਾਹਣੀਓਂ
ਕਿਉਂ ਬੀਜ ਨੂੰ ਝੁੰਡਾਂ ਨਾਲ ਲੜਨ ਦੇਂਦੀਆਂ ਹੋ
ਓ ਮੇਰੀਓ ਪਿਆਰੀਓ ਟਾਹਣੀਓ
ਕਿਉਂ ਦਿਸਹਿੱਦੇ ਦੇ ਦੇਂਦੀਆਂ ਹੋ
ਓ ਮੇਰੀਓ .....
ਕਿਉਂ ਤਿਲਸਮੀ ਸੋਚ ਆਣ ਦੇਂਦੀਆਂ ਹੋ
ਓ ਮੇਰੀਓ .....

ਜਰਨੈਲ ਸਿੰਘ ਮਾਂਗਟ

ਰਿਸ਼ਤੇ

ਰਿਸ਼ਤੇ ਵਿਚ ਮੋਹ ਪਾ ਕੇ ਰੱਖੀਂ
ਤਿੜਕ ਨਾ ਜਾਏ ਬਚਾ ਕੇ ਰੱਖੀਂ

ਤੋੜਨ ਵਾਲੇ ਬੋਲ ਨਾ ਬੋਲੀਂ
ਜੀਭ ਨੂੰ ਤੂੰ ਸਮਝਾ ਕੇ ਰੱਖੀਂ

ਘਰ ਦਾ ਭੇਤੀ ਲੰਕਾ ਢਾਹੁੰਦੈ
ਆਪਣਾ ਭੇਦ ਛੁਪਾ ਕੇ ਰੱਖੀਂ

ਜਿਹਨ 'ਚੋਂ ਕਰਨਾ ਦੂਰ ਜੇ ਨ੍ਹੇਰਾ
ਸ਼ਬਦ ਦੀ ਜੋਤ ਜਗ੍ਹਾ ਕੇ ਰੱਖੀਂ

ਲਫ਼ਜ ਮੋਤੀਆਂ ਵਰਗੇ ਤੇਰੇ
ਦਿਲ ਦੇ ਉੱਤੇ ਲਿਖਾਕੇ ਰੱਖੀਂ

ਗਿਆਨ ਖੜਗ ਨਾ ਹੋਜੇ ਖੁੰਢੀ
ਸਾਣ 'ਤੇ ਮਾਂਗਟਾ ਲਾਕੇ ਰੱਖੀਂ

ਜ਼ਮੀਰ

ਕੌਡੀਆਂ ਬਦਲੇ ਜ਼ਮੀਰ ਵੇਚ ਗਿਆ
ਅੱਜ ਇਕ ਰਾਂਝਾ ਹੀਰ ਵੇਚ ਗਿਆ

ਮਰ ਖੱਪ ਕੇ ਘਰ ਛੱਤਿਆ ਪਿਓ ਨੇ
ਨਸ਼ੇੜੀ ਪੁੱਤ ਸ਼ਤੀਰ ਵੇਚ ਗਿਆ

ਜੋ ਵੰਡ ਰਿਹਾ ਸੀ ਬੂਟੇ ਨੇਤਾ
ਕਿੱਕਰ ਜੰਡ ਕਰੀਰ ਵੇਚ ਗਿਆ

ਇਕ ਬਾਬੇ ਦੇ ਚੋਲ਼ੇ ਦੀ ਕਹਿ
ਸ਼ਾਤਰ ਪਾਟੀ ਲੀਰ ਵੇਚ ਗਿਆ

ਕਹਿ ਕੇ ਸਭ ਦੁੱਖਾਂ ਦੀ ਦਾਰੂ
ਸਾਧ ਦੀ ਜੂਠੀ ਖੀਰ ਵੇਚ ਗਿਆ

ਮਮੀਰੇ ਦਾ ਸੁਰਮਾਂ ਕਹਿ ਕੇ
ਕਾਲੀ ਮਿਰਚ ਫਕੀਰ ਵੇਚ ਗਿਆ

ਰੱਖੜੀ ਬੰਨਣ ਆਈ ਭੈਣ ਦਾ
ਗਹਿਣਾ ਗੱਟਾ ਵੀਰ ਵੇਚ ਗਿਆ

ਪਾਕੇ ਸਾਂਝ ਭਿਆਲੀ ਮਾਂਗਟ
ਪੰਜ-ਆਬਾਂ ਦਾ ਨੀਰ ਵੇਚ ਗਿਆ

ਦਰਦ

ਤੇਰੇ ਦਿੱਤੇ ਦਰਦ ਹੰਢਾਵਾਂ
ਫਿਰ ਦਰਦਾਂ ਦੇ ਗੀਤ ਬਣਾਵਾਂ

ਅੱਜ ਕੱਲ੍ਹ ਕਰਕੇ ਵਕਤ ਟਪਾਵਾਂ
ਦਿਲ ਆਪਣੇ ਨੂੰ ਲਾਰੇ ਲਾਵਾਂ

ਯਾਦ ਕਰਾਂ ਤਾਂ ਕਿਰਦੇ ਹੰਝੂ
ਤੂੰ ਦਸ ਇਹ ਮੈਂ ਕਿੰਝ ਲੁਕਾਵਾਂ

ਰਾਤ ਖਿੜੀ ਤੋਂ ਬਹਿ ਕੋਠੇ 'ਤੇ
ਚੰਦਰਮਾਂ ਨੂੰ ਦਰਦ ਸੁਣਾਵਾਂ

ਪਿਆਰ ਕਰਨ ਦਾ ਦੋਸ਼ ਮਿਰੇ 'ਤੇ
ਭੋਗਾਂ ਯਾਰੋ ਸਖ਼ਤ ਸਜ਼ਾਵਾਂ

ਆਖ ਮਾਂਗਟਾਂ ਮੂੰਹੋਂ ਕੇਰਾਂ
ਤੈਥੋਂ ਸਦਕੇ ਵਾਰੀ ਜਾਵਾਂ

ਲੁੱਟ

ਕੋਈ ਮਨ ਦਾ ਮੀਤ ਬਣਾ ਕੇ ਲੁੱਟਦੈ
ਪੁੱਤਰ ਦੀ ਸੌਂਹ ਕੋਈ ਖਾ ਕੇ ਲੁੱਟਦੈ

ਮੁੱਲ ਦੀਆਂ ਵੋਟਾਂ ਨਾਲ ਜਿੱਤਕੇ
ਤਾਕਤ ਦੇ ਵਿਚ ਆ ਕੇ ਲੁੱਟਦੈ

ਦੂਜਾ ਰੱਬ ਜਿਹਨੂੰ ਆਖਣ ਲੋਕੀਂ
ਮਰੀਜ਼ ਦੀ ਮਰਜ਼ ਵਧਾ ਕੇ ਲੁੱਟਦੈ

ਕਾਨੂੰਨ ਦਾ ਰਾਖਾ ਪਾ ਕੇ ਵਰਦੀ
ਥਾਣੇ ਵਿਚ ਬੁਲਾ ਕੇ ਲੁੱਟਦੈ

ਸ਼ਰੀਕ ਰੱਬ ਦਾ ਅਬਲਾ ਤਾਈਂ
ਡੇਰੇ ਵਿਚ ਲਿਜਾ ਕੇ ਲੁੱਟਦੈ

ਤਾਰ ਤਾਰ ਕਰ ਭੈਣ ਦਾ ਰਿਸ਼ਤਾ
ਰੱਖੜੀ ਕੋਈ ਬਨਾ ਕੇ ਲੁੱਟਦੈ

ਵਿਦੇਸ਼ੀ ਬੁੱਢਾ ਬਣ ਕੇ ਲਾੜਾ
ਕਈ ਕਈ ਵਿਆਹ ਕਰਾਕੇ ਲੁੱਟਦੈ

ਯਾਰ ਮਾਰ ਉਹਨੂੰ ਕਹਿੰਦੇ ਮਾਂਗਟ
ਜਿਹੜਾ ਪੱਗ ਵਟਾਕੇ ਲੁੱਟਦੈ

ਯਾਦ

ਤੇਰੀ ਯਾਦ ਜਦੋਂ ਵੀ ਆ ਜਾਂਦੀ
ਕੰਡਿਆਂ 'ਤੇ ਸੁੱਕਣਾ ਪਾ ਜਾਂਦੀ

ਮੋਮੋ ਠੱਗਣੀ ਮਾਰ ਕੇ ਮਿੱਠੀਆਂ
ਅੱਗ ਨੂੰ ਹੋਰ ਭੜਕਾ ਜਾਂਦੀ

ਨੈਣਾਂ ਵਿਚੋਂ ਨੀਂਦ ਭਜਾਉਂਦੀ
ਤਾਰੇ ਗਿਣਨ ਮੈਨੂੰ ਲਾ ਜਾਂਦੀ

ਸੁੱਖਾਂ ਦੀ ਨਗਰੀ ਢਾਹ ਸੁੱਟਦੀ
ਦੁੱਖ ਦਾ ਸ਼ਹਿਰ ਵਸਾ ਜਾਂਦੀ

ਗੋਡੇ ਮੁੱਢ ਉਹ ਬਹਿਕੇ ਮੇਰੇ
ਇਸ਼ਕ ਰਮਜ਼ ਸਮਝਾ ਜਾਂਦੀ

ਤਾਰ ਸਾਡੀ ਤੇਰੇ ਨਾਲ ਜੋੜ ਕੇ
ਆਪਣਾ ਫਰਜ਼ ਨਿਭਾ ਜਾਂਦੀ

ਅੱਧ ਸੁੱਤੇ ਹੱਥ ਕਲਮ ਫੜਾਕੇ
ਗੀਤ ਮਾਂਗਟ ਤੋਂ ਲਿਖਵਾ ਜਾਂਦੀ

ਹੰਝੂ

ਸਮਝਣ ਨਾ ਸਮਝਾਏ ਹੰਝੂ
ਆਉਂਦੇ ਬਿਨਾਂ ਬੁਲਾਏ ਹੰਝੂ
ਨਿੱਤ ਨਿਖ਼ਾਰਨ ਰੂਪ ਮੇਰੇ ਨੂੰ
ਚੁੰਨੀ ਨਾਲ ਸੁਕਾਏ ਹੰਝੂ
ਹਰ ਵਫਾਈ ਬਦਲੇ ਮੇਰੀ
ਝੋਲੀ ਦੇ ਵਿਚ ਪਾਏ ਹੰਝੂ
ਗੋਰੀਆਂ ਗੱਲਾਂ ਕਬਰਾਂ ਬਣੀਆਂ
ਅਣ-ਗਿਣਤ ਦਫਨਾਏ ਹੰਝੂ
ਖਬਰੈ ਕਿੰਨੇ ਸੁੱਚੇ ਮੋਤੀ
ਭੰਗ ਦੇ ਭਾਅ ਗਵਾਏ ਹੰਝੂ
ਕਿਵੇਂ ਮਾਂਗਟਾਂ ਗਿਣਕੇ ਦੱਸਾਂ
ਯਾਦ 'ਚ ਕਿੰਨੇ ਵਹਾਏ ਹੰਝੂ

ਦੀਦਾਰ ਸਿੰਘ ਦੀਦਾਰ

ਮੁੰਡੇ ਕੁੜੀ 'ਚ ਫਰਕ ਨਾ ਕੋਈ

ਜੇ ਸਿਦਕ ਨਾ ਹੋਵੇ ਪੱਕਾ ਕੰਢਿਆਂ ਉੱਤੇ ਤਰ ਨਹੀਂ ਹੁੰਦਾ
ਸੂਲੀ ਚੜ੍ਹਨਾ ਗੱਲ ਦੂਰ ਦੀ, ਕੰਡਾ ਲੱਗਿਆ ਜਰ ਨਹੀਂ ਹੁੰਦਾ

ਕੰਨ ਪੜਵਾਕੇ ਠੂਠਾ ਫੜਕੇ, ਦਰ ਦਰ ਅਲਖ ਜਗਾ ਨਾ ਹੁੰਦੀ,
ਡਾਚੀ ਪਿਛੇ ਦੌੜ ਦੌੜ ਕੇ, ਥਲ ਵਿਚ ਸੜਕੇ ਮਰ ਨਹੀਂ ਹੁੰਦਾ।

ਭੁੱਖਾ ਮਰਨਾ ਜੇਲ੍ਹੀਂ ਸੜਨਾ, ਚੁੰਮ ਚੁੰਮ ਰੱਸੀਆਂ ਫਾਹੇ ਚੜਨਾਂ
ਸੱਚੇ ਵਤਨ ਪ੍ਰਸਤਾਂ ਬਾਝੋਂ, ਸੀਸ ਤਲੀ 'ਤੇ ਧਰ ਨਹੀਂ ਹੁੰਦਾ

ਜਿੱਥੋਂ ਕਦੇ ਨਾ ਡੋਲੀ ਉੱਠੀ, ਜਿਥੋਂ ਕਦੇ ਨਾ ਉੱਠੀ ਅਰਥੀ
ਹੋਰ ਚਾਹੇ ਉਹ ਕੁਝ ਵੀ ਹੋਵੇ, ਵਸਦਾ ਰਸਦਾ ਘਰ ਨਹੀਂ ਹੁੰਦਾ।

ਹਜਰਤ, ਈਸਾ ਅਤੇ ਮੁਹੰਮਦ, ਆਖਣ ਖੌਫ ਖੁਦਾ ਤੋਂ ਖਾਓ,
ਹਿਟਲਰ, ਬੁਸ਼, ਲਾਦੇਨ ਨੂੰ ਪਰ, ਕਿਸੇ ਖੁਦਾ ਦਾ ਡਰ ਨਹੀਂ ਹੁੰਦਾ।

ਮੁੱਲਾ ਮੌਜ ਵਿਚ ਜਦ ਹੁੰਦੈ, ਜਾ ਵੜਦੈ ਮੈਖਾਨੇ ਅੰਦਰ
ਕਦੋਂ ਪੀਆਂਗੇ ਸੁਰਗੀਂ ਜਾ ਕੇ, ਹੋਰ ਸਬਰ ਹੁਣ ਕਰ ਨਹੀਂ ਹੁੰਦਾ।

ਮੁੰਡੇ ਕੁੜੀ 'ਚ ਫਰਕ ਨਾ ਕੋਈ, ਸਭ ਨੂੰ ਮਿਲਦੈ ਹੱਕ ਬਰਾਬਰ,
ਤਾਹੀਓਂ ਲਾਠੀਚਾਰਜ ਵੇਲੇ ਅੰਤਰ ਭੋਰਾ ਭਰ ਨਹੀ ਹੁੰਦਾ।

ਦੂਰ ਦੇਸ਼ 'ਚੋਂ ਹੋਊ ਗਰੀਬੀ, ਨਿਰਧਨ ਨਾ ਕੋਈ ਹੁਣ ਰਹਿਣਾ,
ਸਬਰ ਕਰੋ ਜਿੰਨਾ ਚਿਰ ਤੀਕਰ ਸਾਡਾ ਪੂਰਾ ਘਰ ਨਹੀਂ ਹੁੰਦਾ।

ਜਿਸ ਵੇਲੇ 'ਦੀਦਾਰ' ਦਿਉਂਗੇ ਭੇਂਟ ਕਰਾਂਗੇ ਤਾਂ ਨਜ਼ਰਾਨਾ,
ਬਿੰਨਾਂ ਗੁਨਾਹੋਂ ਸਾਡੇ ਕੋਲੋਂ ਇਹ ਜੁਰਮਾਨਾ ਭਰ ਨਹੀਂ ਹੁੰਦਾ।

ਬੋਲਣ ਨਹੀਂ ਜਾ ਓ ਯਾਰ

ਪੰਡਤ ਭਾਈ ਮੁੱਲਾਂ ਬਾਬੇ, ਹਰ ਵੇਲੇ ਹੀ ਮਾਰਨ ਦਾਬੇ
ਜਮਦੂਤਾਂ ਦੇ ਦੇਣ ਡਰਾਬੇ, ਆਖਣ ਪਰਲੋ ਆਈ ਆਈ
ਕਢ ਦਿੰਦੇ ਨੇ ਸਾਹ ਓ ਯਾਰ

ਚੇਤੇ ਮੌਤ ਕਰਾਈ ਜਾਂਦੇ, ਦਹਿਸ਼ਤ ਜੇਹੀ ਪਾਈ ਜਾਂਦੇ
ਮੂਰਖ ਇੰਜ ਬਣਾਈ ਜਾਂਦੇ, ਸੁੱਖੀ ਸਾਂਦੀ ਵੱਸਦੇ ਘਰ ਨੂੰ
ਦਿੰਦੇ ਲਾਂਬੂ ਲਾ ਓ ਯਾਰ

ਮਾਤ ਪਿਤਾ ਨੂੰ ਖੂੰਝੇ ਲਾਓ, ਸੰਤਾਂ ਦੇ ਘਰ ਚਰਨ ਪੁਆਓ
ਹਾੜੀ ਸੌਣੀ ਲੰਗਰ ਲਾਓ, ਬੱਚੇ ਪੜਦੇ ਯਾ ਮਰਦੇ ਨੇ
ਕਿਸਨੂੰ ਹੈ ਪ੍ਰਵਾਹ ਓ ਯਾਰ

ਬਿਨ੍ਹਾਂ ਗੁਨਾਹੋ ਮੁਾਫੀ ਮੰਗੋ, ਸਿਰ ਨੀਵਾਂ ਕਰ ਇਥੋਂ ਲੰਘੋ
ਉਚੀ ਬੋਲੋ ਨਾਹੀਂ ਖੰਘੋ, ਬੁਲ ਸਿਉਂਕੇ ਬੈਠ ਦੀਦਾਰ
ਬੋਲਣ ਦੀ ਨਹੀਂ ਜਾ ਓ ਯਾਰ

ਗ਼ਜ਼ਲ

ਕੁਦਰਤ ਦਾ ਨਾਮ ਜਦੋਂ ਤੋਂ ਈਸ਼ਵਰ ਅੱਲਾ ਤੇ ਭਗਵਾਨ ਹੋ ਗਿਆ
ਬੰਦਾ ਬੰਦਾ ਨਾ ਰਿਹਾ, ਹਿੰਦੂ, ਸਿੱਖ ਅਤੇ ਮੁਸਲਮਾਨ ਹੋ ਗਿਆ

ਕਾਲੀਆਂ ਕਰਤੂਤਾਂ ਉੱਤੇ ਧਰਮ ਦੇ ਧੂੰਏਂ ਨੇ ਪੜਦਾ ਪਾ ਦੇਣੈ
ਬੰਦਾ ਬੇ ਪ੍ਰਵਾਹ ਹੋ ਗਿਆ, ਬੇ-ਡਰ, ਬੇ-ਦਰਦ, ਬੇਈਮਾਨ ਹੋ ਗਿਆ

ਮਜ਼ਹਬੀ ਰਾਹਬਰਾਂ ਨੇ, ਸੁਰਗ ਨਰਕ ਦੇ ਫ਼ਰਜੀ ਕਿਲੇ ਬਣਾ ਲਏ
ਭੋਲੇ ਭਾਲੇ ਬੰਦਿਆਂ ਨੂੰ, ਕਾਬੂ 'ਚ ਰੱਖਣਾ ਬੜਾ ਆਸਾਨ ਹੋ ਗਿਆ।

ਆਜ਼ਾਦੀ ਤਾਂ ਲੈ ਲਈ, ਦੇਸ਼ ਵੰਡਕੇ ਦੋ ਕੌਮਾਂ ਦੇ ਨਾ ਉੱਤੇ
ਪੰਜਾਬ ਹੋਇਆ ਢਾਈ ਆਬ, ਟੁੱਕੜੇ ਟੁਕੜੇ ਹਿੰਦੁਸਤਾਨ ਹੋ ਗਿਆ

ਚੰਦ ਉੱਤੇ ਫਿਰਦਾ ਭਾਲਦਾ, ਪਾਣੀ ਧਰਤੀ ਦਾ ਨਹੀਂ ਸੰਭਾਲਦਾ
'ਦੀਦਾਰ' ਸਿਤਾਰੇ ਪੁੱਛਦੇ ਬੰਦਾ ਪਾਗਲ ਜਾਂ ਸ਼ੈਤਾਨ ਹੋ ਗਿਆ।

ਗ਼ਜ਼ਲ

ਪਿਆਰ ਕਰਦੇ ਹਾਂ ਜ਼ਿੰਦਗੀ ਨੂੰ ਮੌਤੋਂ ਵੀ ਨਾ ਡਰਦੇ ਹਾਂ
ਦੁੱਖ ਸੁੱਖ ਹੱਸਕੇ ਜਰਦੇ ਹਾ ਮਰੂੰ ਮਰੂੰ ਨਾ ਕਰਦੇ ਹਾਂ

ਇਸ਼ਕੇ ਦੀ ਮਦਹੋਸ਼ੀ ਵਿਚ ਵੀ ਹੋਸ਼ਾਂ ਵਿਚ ਹੀ ਰਹੀਏ
ਜੰਡ ਹੇਠਾਂ ਨਾ ਪੈਕੇ ਸੌਂਦੇ ਕੱਚਿਆਂ 'ਤੇ ਨਾ ਤਰਦੇ ਹਾਂ

ਤੌਬਾ ਵੀ ਨਹੀਂ ਕੀਤੀ ਹੋਈ ਆਦੀ ਨਹੀਂ ਪਿਆਲੇ ਦੇ
ਪੀਂਦੇ ਹਾਂ ਪੂਰਾ ਮੁੱਲ ਦੇ ਕੇ ਤਰਲੇ ਨਾਹੀਂ ਕਰਦੇ ਹਾਂ

ਕਰ ਹੁੰਦੀ ਐ ਨਾਲ ਸੈਨਤਾਂ ਗੂੜੀ ਗੱਲ ਪਿਆਰਾਂ ਦੀ
ਕੰਧਾਂ ਦੇ ਕੰਨ ਸੁਣ ਲੈਂਦੇ ਨੇ ਉੱਚੀ ਗੱਲ ਨਾ ਕਰਦੇ ਹਾਂ

ਅਮਨ ਅਮਨ ਦੀ ਦੇਣ ਦੁਹਾਈ ਤੀਲੀ ਲੌਂਦੇ ਚੁਪ ਚੁਪੀਤੇ
ਨੇਤਾ ਲੋਕ ਤਾਂ ਰੋਟੀ ਸੇਕਣ, ਸੇਕ ਅਸੀਂ ਹੀ ਜਰਦੇ ਹਾਂ

ਮੁਨਕਰ ਨਹੀਂ ਨਾ ਕਾਫ਼ਰ ਹੀ ਹਾਂ ਰੱਬ ਨੂੰ ਵੀ ਮੰਨਦੇ ਹਾਂ
ਦੀਦਾਰ ਲਈ ਨਾ ਸੁਖਣੇ ਸੁਖਦੇ ਸਿਜਦੇ ਵੀ ਨਾ ਕਰਦੇ ਹਾਂ।

ਗ਼ਜ਼ਲ

ਇਸ਼ਕ ਅਸਾਡਾ ਪਾਕ ਪਵਿੱਤਰ ਦੋਖੀ ਕੋਲੋਂ ਜਰ ਨਹੀਂ ਹੁੰਦਾ
ਮਰਿਆ ਮਰਿਆ ਕਰਦਾ ਰਹਿੰਦੈ ਪਰ ਉਸ ਕੋਲੋਂ ਮਰ ਨਹੀਂ ਹੁੰਦਾ

ਆਸ਼ਕਾਂ, ਫ਼ੱਕਰ, ਫ਼ਕੀਰਾਂ ਦਾ ਘਰ ਨਹੀਂ ਹੁੰਦਾ ਦਰ ਨਹੀਂ ਹੁੰਦਾ
ਤਾਹੀਓਂ ਤੜੇ ਤੁਫਾਨਾ ਦਾ ਉਹਨਾਂ ਤਾਈਂ ਡਰ ਨਹੀਂ ਹੁੰਦਾ

ਨਿਗਾਹ ਟਿਕਾਏ ਮੰਜ਼ਲ ਉੱਤੇ ਤੁਰਿਆ ਚਲ ਤੂੰ ਤੁਰਿਆ ਚਲ
ਇਹ ਪੈਂਡਾ ਹੈ ਬੜਾ ਲੰਮੇਰਾ ਦਮ ਲੈ ਲੈ ਕੇ ਸਰ ਨਹੀਂ ਹੁੰਦਾ

ਮਾਰੂਥਲ ਯਾ ਸਾਗਰ ਹੋਵੇ ਹਸਦੇ ਤੇ ਮੁਸਕਰਾਂਦੇ ਰਹੀਏ
ਹੰਝੂਆਂ ਦੇ ਵਣਜਾਰੇ ਤੋਂ ਖਾਰਾ ਸਾਗਰ ਤਰ ਨਹੀਂ ਹੁੰਦਾ

ਮਹਿਕਾਂ ਵੰਡੇ ਫੁਲ ਕੰਵਲ ਦਾ ਪਰ ਉੱਗਦੈ ਉਹ ਚਿੱਕੜ ਵਿੱਚ ਹੀ
ਗਮਲੇ ਵਿੱਚ ਸਜਾਕੇ ਵੀ ਉਹ ਮਹਿਲਾਂ ਅੰਦਰ ਧਰ ਨਹੀਂ ਹੁੰਦਾ

ਲੋਕਾਂ ਸਾਹਵੇਂ ਜਿਹੜੇ ਨੇਤਾ ਭਾਸ਼ਣ ਝਾੜਨ ਮਿੱਠੇ ਮਿੱਠੇ
ਸੱਚੀ ਗੱਲ ਉਹ ਸੁਣ ਨਾ ਸਕਦੇ ਚੰਗਾ ਕਾਰਜ ਕਰ ਨਹੀਂ ਹੁੰਦਾ

ਬੈਠੇਂ ਕਿਉਂ ਤੂੰ ਢੇਰੀ ਢਾਹ ਕੇ ਉੱਠ 'ਦੀਦਾਰ' ਮਾਰ ਹੰਭਲਾ
ਕੋਈ ਏਡਾ ਪਰਬਤ ਹੈ ਨਹੀਂ, ਬੰਦੇ ਕੋਲੋਂ ਸਰ ਨਹੀਂ ਹੁੰਦਾ

ਦੀਪ ਦਿਲਬਰ

ਕਿਤਾਬਾਂ

ਚੁੱਪ ਰਹਿ ਕੇ ਵੀ ਬੋਲਦੀਆਂ ਕਿਤਾਬਾਂ।
ਵਰਕੇ ਜ਼ਿੰਦਗੀ ਦੇ ਫੋਲਦੀਆਂ ਕਿਤਾਬਾਂ।
ਸਦੀਆਂ ਦੇ ਇਤਿਹਾਸ ਵਿੱਚ ਮਹਿਫ਼ੂਜ ਕਿਤਾਬਾਂ ਦੇ,
ਸਮੁੱਚੀ ਜ਼ਿੰਦਗੀ ਵਿਚ ਮੌਜੂਦ ਕਿਤਾਬਾਂ ਦੇ ।

ਕੁਝ ਕਿਤਾਬਾਂ ਤੋੜ ਦਿੰਦੀਆਂ ਦੁੱਖ ਨੇ।
ਕੁਝ ਕਿਤਾਬਾਂ ਲਾਹ ਦਿੰਦੀਆਂ ਭੁੱਖ ਨੇ ।
ਹਰ ਬੰਦੇ ਦਾ ਵਿਚ ਵਜੂਦ ਕਿਤਾਬਾਂ ਦੇ,
ਸਮੁੱਚੀ ਜ਼ਿੰਦਗੀ ਵਿੱਚ ਮੌਜੂਦ ਕਿਤਾਬਾਂ ਦੇ ।

ਕਈ ਕਿਤਾਬਾਂ ਸੁੱਤੀ ਕੌਮ ਜਗਾਅ ਦਿੰਦੀਆਂ।
ਕਈ ਕਿਤਾਬਾਂ ਤਖਤਾਂ ਨੂੰ ਪਲਟਾਅ ਦਿੰਦੀਆਂ।
ਗੋਲੀ, ਸਿੱਕਾ ਨਾ ਵਿੱਚ ਬਾਰੂਦ ਕਿਤਾਬਾਂ ਦੇ,
ਸਮੁੱਚੀ ਜ਼ਿੰਦਗੀ ਵਿਚ ਮੌਜੂਦ ਕਿਤਾਬਾਂ ਦੇ ।

ਵਾਰਤਕ, ਨਾਵਲ, ਕਹਾਣੀ ਮੰਗ ਕਰਨ ਕਿਤਾਬਾਂ ਦੀ ।
ਗਜਲ, ਕਵਿਤਾ, ਗੀਤ ਬੈਠੇ ਸ਼ਰਨ ਕਿਤਾਬਾਂ ਦੀ ।
ਸ਼ਬਦਕੋਸ਼, ਪਿੰਗਲ ਵਿਚ ਅਰੂਜ਼ ਕਿਤਾਬਾਂ ਦੇ,
ਸਮੁੱਚੀ ਜ਼ਿੰਦਗੀ ਵਿਚ ਮੌਜੂਦ ਕਿਤਾਬਾਂ ਦੇ।

ਸਭ ਚੀਜ਼ਾਂ ਨਾਲੋਂ ਚੰਗਾ ਸਾਥ ਕਿਤਾਬਾਂ ਦਾ।
'ਦਿਲਬਰ' ਨੇ ਤੱਤ ਕੱਢਿਆ ਆਪ ਕਿਤਾਬਾਂ ਦਾ ।
ਐਵੇਂ ਹੀ ਨਾ ਪਾਈਏ ਵਿੱਚ ਖਰੂਦ ਕਿਤਾਬਾਂ ਦੇ,
ਸਮੁੱਚੀ ਜ਼ਿੰਦਗੀ ਵਿੱਚ ਮੌਜੂਦ ਕਿਤਾਬਾਂ ਦੇ।

ਜ਼ਿੰਦਗੀ

ਆਪਣੇ ਜੋ ਵੱਖਰੇ ਅਸੂਲ ਕਰਦੇ,
ਰਹੇ ਨਾ ਉਨ੍ਹਾਂ ਦੀ ਆਮ ਜ਼ਿੰਦਗੀ ।
ਖਿੜੇ ਮੱਥੇ ਮੌਤ ਜੋ ਕਬੂਲ ਕਰਦੇ,
ਕਰੇ ਉਨ੍ਹਾਂ ਲੋਕਾਂ ਨੂੰ ਸਲਾਮ ਜ਼ਿੰਦਗੀ ।

ਬਹੁਤਿਆਂ ਦੀ ਹੱਸ ਖੇਡ ਲੰਘੇ ਜ਼ਿੰਦਗੀ ।
ਕਈਆਂ ਨੂੰ ਸੂਲੀ ਉੱਤੇ ਟੰਗੇ ਜ਼ਿੰਦਗੀ ।
ਮਾੜੇ ਕੰਮ ਮੁੱਢੋਂ ਨਾ ਮੂਲ ਕਰਦੇ,
ਕਰੂ ਕਿਵੇਂ ਦੱਸੋ ਬਦਨਾਮ ਜ਼ਿੰਦਗੀ।
ਖਿੜੇ ਮੱਥੇ ਮੌਤ ਜੋ ਕਬੂਲ ਕਰਦੇ,
ਕਰੇ ਉਨ੍ਹਾਂ ਲੋਕਾਂ ਨੂੰ ਸਲਾਮ ਜ਼ਿੰਦਗੀ।

ਬਹੁਤਿਆਂ ਨੂੰ ਲਗਦੀ ਪਿਆਰੀ ਜ਼ਿੰਦਗੀ।
ਧੰਨ ਜਿੰਨਾਂ ਦੇਸ਼ ਉੱਤੋਂ ਵਾਰੀ ਜ਼ਿੰਦਗੀ।
ਆਪਣੇ ਲਈ ਜੀਣ ਨੂੰ ਫਜੂਲ ਕਰਦੇ,
ਜਿਉਂਦੇ ਰਹਿੰਦੇ ਉਹ ਨੇ ਤਮਾਮ ਜ਼ਿੰਦਗੀ।
ਖਿੜੇ ਮੱਥੇ ਮੌਤ ਜੋ ਕਬੂਲ ਕਰਦੇ,
ਕਰੇ ਉਨ੍ਹਾਂ ਲੋਕਾਂ ਨੂੰ ਸਲਾਮ ਜ਼ਿੰਦਗੀ।

ਜ਼ਿੰਦਗੀ ਦੇ ਵਿੱਚ ਕੁਝ ਕਰਕੇ ਦਿਖਾਓ।
'ਨੇਰਿਆਂ' ਚ ਦੀਪ ਕੋਈ ਧਰਕੇ ਦਿਖਾਓ।
ਮਿਹਨਤ ਬੰਦੇ ਨੂੰ ਮਕਬੂਲ ਕਰਦੇ,
ਰਹਿੰਦਾ ਫੇਰ ਉੱਚਾ ਆਪੇ ਨਾਮ ਜ਼ਿੰਦਗੀ।
ਖਿੜੇ ਮੱਥੇ ਮੌਤ ਜੋ ਕਬੂਲ ਕਰਦੇ,
ਕਰੇ ਉਨ੍ਹਾਂ ਲੋਕਾਂ ਨੂੰ ਸਲਾਮ ਜ਼ਿੰਦਗੀ।

ਸ਼ਾਇਰ ਲੋਕਾਂ ਦਾ

ਮੈਂ ਸ਼ਾਇਰ ਲੋਕਾਂ ਦਾ, ਲੋਕਾਂ ਲਈ ਲਿਖਦਾ ਹਾਂ।
ਅੰਦਰੋਂ ਹਾਂ ਏਦਾਂ ਦਾ, ਜਿਵੇਂ ਬਾਹਰੋਂ ਦਿਸਦਾ ਹਾਂ।
ਮੈਂ ਸ਼ਾਇਰ ਲੋਕਾਂ ਦਾ, ਲੋਕਾਂ ਲਈ ਲਿਖਦਾ ਹਾਂ।

ਮੇਰੀ ਕਲਮ ਗੱਲ ਕਰੇ, ਲਿੱਸਿਆਂ ਅਤੇ ਲਾਚਾਰਾਂ ਦੀ ।
ਸਦਾ ਭੇਤ ਖੋਲਦੀ ਏ, ਲੋਟੂ ਸਰਕਾਰਾਂ ਦੀ ।
ਕਿਸੇ ਕੀਮਤ ਉੱਤੇ ਮੈਂ, ਭੁਲਕੇ ਨਾ ਵਿਕਦਾ ਹਾਂ,
ਮੈਂ ਸ਼ਾਇਰ ਲੋਕਾਂ ਦਾ, ਲੋਕਾਂ ਲਈ ਲਿਖਦਾ ਹਾਂ।

ਲੇਖਕ ਨੂੰ ਲਾਹਣਤ ਹੈ, ਜੋ ਸੱਚੀ ਨਹੀ ਕਹਿ ਸਕਦਾ।
ਹੁੰਦਾ ਅੱਖਾਂ ਮੁਹਰੇ ਮੈਂ, ਜੁਲਮ ਨਹੀਂ ਸਹਿ ਸਕਦਾ।
ਸੱਚ ਅੱਗੇ ਲਿਆਉਣ ਲਈ, ਮੈਂ ਤਾਂ ਮਰ ਮਿਟਦਾ ਹਾਂ,
ਮੈਂ ਸ਼ਾਇਰ ਲੋਕਾਂ ਦਾ, ਲੋਕਾਂ ਲਈ ਲਿਖਦਾ ਹਾਂ।

ਸ਼ਾਇਰ ਨੇ ਕਈ ਆਉਣ ਵਾਲੇ ਸਾਲਾਂ ਦੀ ਗੱਲ ਕਰਨੀ ਹੁੰਦੀ ।
ਹੱਡ ਬੀਤੀ ਕੁਝ ਜੱਗ ਬੀਤੀ, ਵਿੱਚ ਖਿਆਲ ਉਡਾਰੀ ਭਰਨੀ ਹੁੰਦੀ।
ਸਮਿਆਂ ਨਾਲ ਚੱਲਾਂ ਮੈਂ ਇੱਕ ਥਾਂ ਨਾ ਟਿਕਦਾ ਹਾਂ,
ਮੈਂ ਸ਼ਾਇਰ ਲੋਕਾਂ ਦਾ, ਲੋਕਾਂ ਲਈ ਲਿਖਦਾ ਹਾਂ।

ਧਰਤੀ ਨਾ ਭੁੱਲ ਹਾਣੀਆਂ

ਗੁੱਡੀ ਸਦਾ ਨਾ ਚੜੀ ਤੇਰੀ ਰਹਿਣੀ,
ਧਰਤੀ ਨਾ ਭੁੱਲ ਹਾਣੀਆਂ।
ਤੈਨੂੰ ਲੋੜ ਹੈ ਜੜ੍ਹਾਂ ਦੀ ਪੈਣੀ,
ਧਰਤੀ ਨਾ ਭੁੱਲ ਹਾਣੀਆਂ।

ਮਿਹਨਤ ਦੇ ਨਾਲ ਭਾਵੇਂ ਮਹਿਲ ਤੂੰ ਉਸਾਰ ਲੈ
ਦੌਲਤ ਦੇ ਨਾਲ ਭਾਂਵੇ ਭਰ ਤੂੰ ਭੰਡਾਰ ਲੈ
ਨੋਟਾਂ ਥਾਂ ਨਾ ਰੋਟੀ ਦੀ ਲੈਣੀ
ਧਰਤੀ ਨਾ ਭੁੱਲ ਹਾਣੀਆਂ..

ਮੰਨਿਆ ਕਿ ਅੱਜ ਕੱਲ, ਅੰਬਰਾਂ ਦੇ ਹਾਣਦੈਂ
ਧਰਤੀ ਦੇ ਲੋਕਾਂ ਨੂੰ ਟਿੱਚ ਹੀ ਤੂੰ ਜਾਣਦੈਂ
ਛੱਡ 'ਉਚਿੱਆਂ' ਨਾ ਉਠੱਣੀ ਬਹਿਣੀ
ਧਰਤੀ ਨਾ ਭੁੱਲ ਹਾਣੀਆਂ..

ਆਪਣੀ ਜੇ ਹਉਮੇਂ ਨੂੰ ਬੰਦਿਆ ਤੂੰ ਮਾਰਲੇਂ
ਕਈ ਕੰਮ ਜ਼ਿੰਦਗੀ ਦੇ ਆਪੇ ਹੀ ਸੰਵਾਰਲੇਂ
ਗੱਲ ਦਿਲਬਰ ਪਵੇ ਨਾ ਕਹਿਣੀ
ਧਰਤੀ ਨਾ ਭੁੱਲ ਹਾਣੀਆਂ
ਗੁੱਡੀ ਸਦਾ ਨਾ ਚੜੀ ਤੇਰੀ ਰਹਿਣੀ
ਧਰਤੀ ਨਾ ਭੁੱਲ ਹਾਣੀਆਂ

ਦਰਸ਼ਨ ਸਿੰਘ ਗਿੱਲ

ਪੰਜਾਬੀ ਮਾਂ ਬੋਲੀ

ਪੰਜਾਬੀ ਮਾਂ ਬੋਲੀ ਤੋਂ ਮੈਂ ਵਾਰੀ ਨੀ ਸਈਓਂ
ਵਾਰੀ ਨੀ ਸਈਓਂ, ਮੈਂ ਬਲਿਹਾਰੀ ਨੀ ਸਈਓਂ
ਪੰਜਾਬੀ ਮਾਂ ਬੋਲੀ ਤੋਂ ਮੈਂ ਵਾਰੀ ਨੀ ਸਈਓਂ

ਵਿਰਸਾ ਇਸਦਾ ਸਰਵ ਉੱਚ ਤੇ ਬਹੁਤ ਅਮੀਰੀ
ਹਰ ਮਜ਼ਬ ਹਰ ਜਾਤ ਨਾਲ ਹੈ ਇਹਦੀ ਸਕੀਰੀ
ਸਭ ਦੇ ਮਨਾਂ ਨੂੰ ਟੁੰਬ ਗਈ ਐਸੀ ਪਿਆਰੀ ਨੀ ਸਈਓਂ
ਪੰਜਾਬੀ ਮਾਂ ਬੋਲੀ ਤੋਂ ਮੈਂ ਵਾਰੀ ਨੀ ਸਈਓਂ

ਰਿਸ਼ੀਆਂ ਮੁਨੀਆਂ ਪੈਗੰਬਰਾਂ ਇਹਨੂੰ ਗੋਦ ਖਿਡਾਇਆ
ਲਿਖ ਕੇ ਆਪਣੀ ਕਲਮ ਨਾਲ ਉੱਚ ਸਾਹਿਤ ਰਚਾਇਆ
ਅਲੰਕਾਰਾਂ ਦੇ ਨਾਲ ਸੁਹਜ ਸ਼ਿੰਗਾਰੀ ਨੀਂ ਸਈਓਂ
ਪੰਜਾਬੀ ਮਾਂ ਬੋਲੀ ਤੋਂ ਮੈਂ ਵਾਰੀ ਨੀ ਸਈਓਂ

ਨਾਵਲ ਨਾਟਕ ਗੀਤ ਜਾਂ ਜਿੰਨੇ ਵੀ ਕਿੱਸੇ
ਪੰਜਾਬੀ ਮਾਂ ਬੋਲੀ ਦੇ ਆਏ ਜੋ ਜੋ ਹਿੱਸੇ
ਇੱਕ ਤੋਂ ਵੱਧ ਕੇ ਇੱਕ ਹੈ ਪ੍ਰੇਮ ਪਟਾਰੀ ਨੀ ਸਈਓਂ
ਪੰਜਾਬੀ ਮਾਂ ਬੋਲੀ ਤੋਂ ਮੈਂ ਵਾਰੀ ਨੀ ਸਈਓਂ

ਦੁਨੀਆ ਭਰ ਵਿੱਚ ਫੈਲੀਆਂ ਇਹਦੀਆਂ ਖੁਸ਼ਬੋਈਆਂ
ਪੰਜਾਬੀ ਬੋਲੀ ਦੀਆਂ ਘਰ ਘਰ ਗੱਲਾਂ ਹੋਈਆਂ
ਪੂਰਬ ਤੋਂ ਪੱਛਮ ਤੱਕ ਇਸ ਦੀ ਸਰਦਾਰੀ ਨੀ ਸਈਓਂ
ਪੰਜਾਬੀ ਮਾਂ ਬੋਲੀ ਤੋਂ ਮੈਂ ਵਾਰੀ ਨੀ ਸਈਓਂ

ਪੰਜਾਂ ਦਰਿਆਵਾਂ ਦੀ ਇਸ ਵਿੱਚੋਂ ਮਹਿਕ ਪਈ ਆਵੇ
ਤਾਹੀਓਂ ਇਹ ਪੰਜਾਬ ਦੀ ਮਾਂ ਬੋਲੀ ਕਹਿਲਾਵੇ
ਦਰਸ਼ਨ ਗਿੱਲ ਦੀ ਇਸ ਨਾਲ ਸੁੱਚੀ ਯਾਰੀ ਨੀ ਸਈਓਂ
ਪੰਜਾਬੀ ਮਾਂ ਬੋਲੀ ਤੋਂ ਮੈਂ ਵਾਰੀ ਨੀ ਸਈਓਂ
ਵਾਰੀ ਨੀ ਸਈਓਂ, ਮੈਂ ਬਲਿਹਾਰੀ ਨੀ ਸਈਓਂ
ਪੰਜਾਬੀ ਮਾਂ ਬੋਲੀ ਤੋਂ ਮੈਂ ਵਾਰੀ ਨੀ ਸਈਓਂ

ਸੱਥਾਂ ਢਾਣੀਆਂ ਦੀ ਗੱਲ

ਆਉ ਕਰ ਲਈਏ ਯਾਰੋ ਸੱਥਾਂ ਢਾਣੀਆਂ ਦੀ ਗੱਲ
ਜੋ ਆਪਾਂ ਭੁਲ ਬੈਠੇ, ਰੀਤਾਂ ਪੁਰਾਣੀਆਂ ਦੀ ਗੱਲ
ਆਉ ਕਰ ਲਈਏ ਯਾਰੋ ਸੱਥਾਂ ਢਾਣੀਆਂ ਦੀ ਗੱਲ

ਬਹਿ ਹੇਠ ਬਰੋਟਿਆਂ ਦੇ ਲੋਕ ਸੀ ਕਰਦੇ ਦੁੱਖ ਸੁੱਖ ਸਾਂਝੇ
ਹੋਇਆ ਕੀ ਆਪਾਂ ਨੂੰ ਕੀਤੇ ਪਿੰਡ ਰੁੱਖਾਂ ਤੋਂ ਵਾਂਝੇ
ਰੁੱਖਾਂ ਦੀਆਂ ਛਾਵਾਂ ਵਿੱਚ, ਮੌਜਾਂ ਮਾਣੀਆਂ ਦੀ ਗੱਲ
ਆਉ ਕਰ ਲਈਏ ਯਾਰੋ ਸੱਥਾਂ ਢਾਣੀਆਂ ਦੀ ਗੱਲ

ਮੱਕੀ ਦੀ ਰੋਟੀ ਤੇ ਸਾਗ ਸਰੋਂ ਦਾ ਪਾ ਕੇ ਖਾਣਾ
ਉੱਤੇ ਮਿਰਚਾਂ ਧਰ ਕੇ, ਵਿੱਚ ਬੁੱਕ ਭਰ ਮੱਖਣ ਪਾਣਾ
ਚਾਟੀਆਂ ਵਿੱਚ ਘੁੰਮਦੀਆਂ, ਹੱਥ ਮਧਾਣੀਆਂ ਦੀ ਗੱਲ
ਆਉ ਕਰ ਲਈਏ ਯਾਰੋ ਸੱਥਾਂ ਢਾਣੀਆਂ ਦੀ ਗੱਲ

ਉਹ ਜੋ ਕੱਚੇ ਕੋਠੇ ਸੀ, ਸਿਆਲਾਂ ਵਿੱਚ ਉਹ ਤੱਪ ਸਨ ਜਾਂਦੇ
ਜਦੋਂ ਗਰਮੀ ਪੈਂਦੀ ਸੀ, ਕੂਲਰਾਂ ਨੂੰ ਮਾਤਾਂ ਉਹ ਪਾਂਦੇ
ਉਹ ਕੋਠੇ ਲਿਪਦੀਆਂ, ਸੁਘੜ ਸੁਆਣੀਆਂ ਦੀ ਗੱਲ

ਆਉ ਕਰ ਲਈਏ ਯਾਰੋ ਸੱਥਾਂ ਢਾਣੀਆਂ ਦੀ ਗੱਲ

ਜਦੋਂ ਜੰਨਾਂ ਆਉਂਦੀਆਂ ਸੀ, ਮੁੰਡੇ ਬਣ ਨਚਾਰ ਸੀ ਨੱਚਦੇ
ਅੱਜ ਕੱਲ ਦੇ ਨਾਚਾਂ ਤੋਂ, ਲੱਖਾਂ ਦਰਜੇ ਉਹ ਸਨ ਜੱਚਦੇ
ਬਨੇਰਿਆਂ ਤੇ ਜੁੜ ਬੈਠੀਆਂ, ਧੀਆਂ ਧਿਆਣੀਆਂ ਦੀ ਗੱਲ
ਆਉ ਕਰ ਲਈਏ ਯਾਰੋ ਸੱਥਾਂ ਢਾਣੀਆਂ ਦੀ ਗੱਲ

ਕੰਨ ਉੱਤੇ ਹੱਥ ਧਰ ਕੇ, ਕਵੀਸ਼ਰ ਹੇਕ ਜਦੋਂ ਸਨ ਲਾਉਂਦੇ
ਮਿਰਝਿਆਂ ਤੇ ਰਾਂਝਿਆਂ ਦੇ, ਕਿੱਸੇ ਖਿੱਚ ਦਿਲਾਂ ਨੂੰ ਪਾਉਂਦੇ
'ਦਰਸ਼ਨ' ਦੂਰ ਗਈ, ਇਸ਼ਕ ਕਹਾਣੀਆਂ ਦੀ ਗੱਲ

ਆਉ ਕਰ ਲਈਏ ਯਾਰੋ ਸੱਥਾਂ ਢਾਣੀਆਂ ਦੀ ਗੱਲ
ਜੋ ਆਪਾਂ ਭੁਲ ਬੈਠੇ, ਰੀਤਾਂ ਪੁਰਾਣੀਆਂ ਦੀ ਗੱਲ
ਆਉ ਕਰ ਲਈਏ ਯਾਰੋ ਸੱਥਾਂ ਢਾਣੀਆਂ ਦੀ ਗੱਲ

ਨੌਕਰ ਦੀ ਲੋੜ ਹੈ

ਬਾਪੂ ਦੀ ਸੇਵਾ ਦੇ ਲਈ, ਨੌਕਰ ਦੀ ਲੋੜ ਹੈ
ਸਭ ਕੁਝ ਘਰ ਵਿੱਚ ਹੈ ਸਾਡੇ, ਇਹੋ ਇੱਕ ਥੋੜ ਹੈ
ਬਾਪੂ ਦੀ ਸੇਵਾ ਦੇ ਲਈ, ਨੌਕਰ ਦੀ ਲੋੜ ਹੈ

ਮੰਜੇ ਤੇ ਪਿਆ ਹੈ ਬਾਪੂ, ਕੰਮ ਦਾ ਨਾ ਰਿਹਾ ਹੈ ਬਾਪੂ
ਰੋਟੀ ਵੱਧ ਘੱਟ ਹੀ ਖਾਂਦਾ, ਨੇੜੇ ਲੱਗ ਗਿਆ ਹੈ ਬਾਪੂ
ਹਾਏ ਹਾਏ ਉਹ ਕਰਦਾ ਰਹਿੰਦਾ, ਦੁੱਖਦਾ ਹਰ ਜੋੜ ਹੈ
ਬਾਪੂ ਦੀ ਸੇਵਾ ਦੇ ਲਈ, ਨੌਕਰ ਦੀ ਲੋੜ ਹੈ

ਮੰਜੀ ਉਸ ਕੋਲ ਜੋ ਡਾਹਵੇ ਤੜਕੇ ਨੂੰ ਉੱਠ ਨਲਾਵੇ

ਸਾਡਾ ਤਾਂ ਵਿਹਲ ਨਹੀਂ ਹੈ, ਰੋਟੀ ਵੀ ਆਪ ਛਕਾਵੇ
ਬੁਢਾਪਾ ਹੈ ਨ੍ਰਿਰੀ ਬਿਮਾਰੀ, ਕੱਚਾ ਇਹ ਕੋਹੜ ਹੈ
ਬਾਪੂ ਦੀ ਸੇਵਾ ਦੇ ਲਈ, ਨੌਕਰ ਦੀ ਲੋੜ ਹੈ

ਤੁਰ ਗਏ ਸਭ ਛੋਟੇ ਵੱਡੇ ਇਸ ਨੇ ਪਰ ਕੀਲੇ ਗੱਡੇ
ਨੱਬਿਆਂ ਨੂੰ ਢੁੱਕਿਆ ਬਾਪੂ, ਜੀਉਣ ਦੀ ਹਿਰਸ ਨਾ ਛੱਡੇ
ਸਾਰਾ ਦਿਨ ਖਊਂ ਖਊਂ ਕਰਦਾ, ਝੁੱਕ ਗਈ ਕੰਮਰੋੜ ਹੈ
ਬਾਪੂ ਦੀ ਸੇਵਾ ਦੇ ਲਈ, ਨੌਕਰ ਦੀ ਲੋੜ ਹੈ

ਕਬਰਾਂ ਵਿੱਚ ਟੰਗਾਂ ਇਸਦੀਆਂ, ਘਟੀਆਂ ਨਾਂ ਮੰਗਾਂ ਇਸਦੀਆਂ
ਬੱਚਿਆ ਵਾਂਗੂ ਜਿੱਦ ਕਰਦਾ, ਲਹੀਆਂ ਨੇ ਸੰਗਾਂ ਇਸਦੀਆਂ
ਬੱਚਿਆਂ ਦੇ ਪੈਸੇ 'ਦਰਸ਼ਨ' ਰਿਹਾ ਕਿਵੇਂ ਰੋਹੜ ਹੈ

ਬਾਪੂ ਦੀ ਸੇਵਾ ਦੇ ਲਈ, ਨੌਕਰ ਦੀ ਲੋੜ ਹੈ
ਘਰ ਵਿੱਚ ਸਭ ਕੁਝ ਹੈ ਸਾਡੇ, ਇਹੋ ਇਕ ਥੋੜ ਹੈ
ਬਾਪੂ ਦੀ ਸੇਵਾ ਦੇ ਲਈ, ਨੌਕਰ ਦੀ ਲੋੜ ਹੈ

ਬਜੁਰਗਾਂ ਨੂੰ ਧੱਕੇ

ਬਜੁਰਗਾਂ ਨੂੰ ਧੱਕੇ ਪੈਦੇ ਨੇ ਲੁੱਕ ਲੁੱਕ ਹੌਕੇ ਲੈਦੇ ਨੇ
ਜਦ ਆਪਣੇ ਹੀ ਦਿਲ ਦੇ ਟੁਕੜੇ, ਟੁਕੜੇ ਦਿਲ ਦੇ ਕਰ ਦੇਦੇ ਨੇ
ਬਜੁਰਗਾਂ ਨੂੰ ਧੱਕੇ ਪੈਦੇ ਨੇ-ਲੁੱਕ ਲੁੱਕ ਹੌਕੇ ਲੈਦੇ ਨੇ

ਰੋਟੀ ਦੇ ਦੋ ਟੁੱਕਾਂ ਕਰਕੇ ਵੰਡ ਲਏ ਆਪਣੇ ਮਾਪੇ
ਇਕੱਠਿਆਂ ਜਿੰਨਾਂ ਉਮਰ ਗੁਜਾਰੀ, ਕੀਤੇ ਅੱਜ ਕਲਾਪੇ
ਅੱਜ ਆਪਣੇ ਹੀ ਢਿੱਡ ਦੇ ਜਨਮੇ -ਕਿਸ ਜਨਮ ਦੇ ਬਦਲੇ ਲੈਦੇ ਨੇ
ਬਜੁਰਗਾਂ ਨੂੰ ਧੱਕੇ ਪੈਦੇ ਨੇ-ਲੁੱਕ ਲੁੱਕ ਹੌਕੇ ਲੈਦੇ ਨੇ

ਸਾਰੀ ਉਮਰ ਮੁਸੱਕਤ ਕਰ ਬੱਚਿਆਂ ਲਈ ਘਰ ਬਣਾਏ
ਆਪ ਕੱਚਿਆਂ ਵਿੱਚ ਗੁਜਾਰੀ, ਉਨ੍ਹਾਂ ਲਈ ਪੱਕੇ ਪਾਏ
ਆਪਣੇ ਲਈ ਪਰ ਥਾਂ ਨਹੀਂ, ਡੰਗਰਾਂ ਕੋਲ ਮੰਜੇ ਡਹਿੰਦੇ ਨੇ
ਬਜੁਰਗਾਂ ਨੂੰ ਧੱਕੇ ਪੈਦੇ ਨੇ, ਲੁੱਕ ਲੁੱਕ ਹੋਕੇ ਲੈਦੇ ਨੇ

ਗੱਲ ਕੋਈ ਨਾ ਸੁਣਦੇ ਬੱਚੇ, ਅਗਿਓਂ ਮੰਦਾ ਬੋਲਣ
ਕਿਸ ਨੂੰ ਦੱਸਣ ਦੁੱਖ ਸੁੱਖ ਮਾਪੇ, ਆਪਾ ਕਿਸ ਕੋਲ ਫੋਲਣ
ਘਰ ਦਾ ਭੇਤ ਨਾ ਦਿੰਦੇ ਉਹ, ਵਿਚੋਂ ਵਿੱਚ ਧੁੱਖਦੇ ਰਹਿੰਦੇ ਨੇ
ਬਜੁਰਗਾਂ ਨੂੰ ਧੱਕੇ ਪੈਦੇ ਨੇ, ਲੁੱਕ ਲੁੱਕ ਹੋਕੇ ਲੈਦੇ ਨੇ

ਮਾਪੇ ਦੀ ਸੇਵਾ ਜਿਹਾ ਤੀਰਥ, ਦੁਨੀਆ ਤੇ ਨਾ ਕੋਈ
ਉਤਮ ਸੇਵਾ ਬਾਅਦ ਚ ਤੀਰਥ, ਰੰਗ ਨਵੇਲਾ ਹੋਈ
ਗਿਲ ਤੂੰ ਵੀ ਇਹ ਕਰ ਲੈ ਤੀਰਥ, ਗੰਗਾ ਜਮਨਾ ਘਰ ਬਹਿੰਦੇ ਨੇ

ਬਜੁਰਗਾਂ ਨੂੰ ਧੱਕੇ ਪੈਦੇ ਨੇ -ਲੁੱਕ ਲੁੱਕ ਹੋਕੇ ਲੈਦੇ ਨੇ
ਜਦ ਆਪਣੇ ਹੀ ਦਿਲ ਦੇ ਟੁਕੜੇ, ਟੁਕੜੇ ਦਿਲ ਦੇ ਕਰ ਦਿੰਦੇ ਨੇ
ਬਜੁਰਗਾਂ ਨੂੰ ਧੱਕੇ ਪੈਦੇ ਨੇ, ਲੁੱਕ ਲੁੱਕ ਹੋਕੇ ਲੈਦੇ ਨੇ

ਯਾਦਾਂ

ਜੋ ਯਾਂਦਾ ਨੇ ਇਹ ਜੋ ਯਾਦਾਂ ਨੇ, ਇਹ ਮੈਨੂੰ ਬੜਾ ਸਤਾਉਂਦੀਆਂ ਨੇ
ਜੋ ਬਿਨਾ ਬੁਲਾਏ ਆਉਂਦੀਆਂ, ਜਿਸਨੂੰ ਮਨ ਭੁੱਲਣਾ ਚਾਹੁੰਦਾ ਹੈ
ਇਹ ਮੁੜ ਮੁੜ ਯਾਦ ਕਰਾਉਂਦੀਆਂ ਨੇ, ਜੋ ਯਾਦਾਂ ਨੇ ਇਹ ਜੋ .

ਇਹ ਅਕਸ ਜੋ ਧੁੰਦਲਾ ਹੈ, ਇਹ ਉਸਨੂੰ ਉਜਲਾ ਕਰਦੀਆਂ ਨੇ
ਜੋ ਰਾਹ ਮੈਂ ਛੱਡਣਾ ਚਾਹੁੰਦਾ ਹਾਂ, ਇਹ ਉਸ ਉੱਤੇ ਪੱਬ ਧਰਦੀਆਂ ਨੇ
ਉਹ ਵਕਤ ਜੋ ਪਿਛੇ ਬੀਤ ਗਿਆ ਇਹ ਅੱਗੇ ਲਿਆ ਖੜਾਉਂਦੀਆਂ ਨੇ
ਜੋ ਯਾਦਾਂ ਨੇ. . .

ਜੀਵਨ ਦੀ ਪਗਡੰਡੀ ਉੱਤੇ, ਕੁਝ ਸਾਥੀ ਐਸੇ ਮਿਲਦੇ ਨੇ
ਤਾ ਜ਼ਿੰਦਗੀ ਵੱਸਦੇ ਯਾਦਾਂ ਵਿਚ, ਨਿੰਤ ਜ਼ਖਮ ਦਿਲਾਂ ਦੇ ਛਿਲਦੇ ਨੇ
ਯਾਦਾਂ ਇੰਨਾਂ ਅੱਲੇ ਜ਼ਖ਼ਮਾਂ 'ਤੇ ਭਰ ਬੁੱਕ ਨਮਕ ਦੇ ਪਾਉਂਦੀਆਂ ਨੇ
ਜੋ ਯਾਦਾਂ ਨੇ . .. .

ਕੁਝ ਯਾਦਾਂ ਹਨ ਹੁਣ ਸੱਜਣ ਦੀਆਂ, ਨਜ਼ਰਾਂ ਤੋ ਜੋ ਹੈ ਦੂਰ ਹੋਇਆ
ਜਿਸ ਲਾ ਨਾ ਤੋੜ ਨਿਭਾਈਆਂ ਨੇ, ਮਨੋ ਮਨ ਜੋ ਹੈ ਮਗਰੂਰ ਹੋਇਆ
ਉਸ ਦੀਆਂ ਯਾਦਾਂ ਆ ਆ ਕੇ ਮੈਨੂੰ ਰਾਤ ਭਰ ਜਗਾਉਂਦੀਆਂ ਨੇ
ਜੋ ਯਾਦਾਂ ਨੇ . . . .

ਜ਼ਿੰਦਗੀ ਰੇਤ ਦੀ ਮੁੱਠ ਵਾਂਗੂੰ, ਹੱਥੋਂ ਮੇਰਿਓ ਕਿਰ ਗਈ ਹੈ
ਲੱਗਦਾ ਚੀਜ ਕੋਈ ਵੱਡਮੁੱਲੀ, ਪਲਿਓਂ ਮੇਰਿਓਂ ਗਿਰ ਗਈ ਹੈ।
ਗਿੱਲ ਲੱਭਦਾ ਹੈ ਉਨ੍ਹਾਂ ਘੜੀਆਂ ਨੂੰ ਉਹ ਘੜੀਆਂ ਕਿਥੇ ਬਿਆਉਂਦੀਆਂ ਨੇ

ਜੋ ਯਾਂਦਾ ਨੇ ਇਹ ਜੋ ਯਾਦਾਂ ਨੇ, ਇਹ ਮੈਨੂੰ ਬੜਾ ਸਤਾਉਂਦੀਆਂ ਨੇ
ਜੋ ਬਿਨਾ ਬੁਲਾਏ ਆਉਂਦੀਆਂ ਨੇ, ਜਿਸਨੂੰ ਮਨ ਭੁੱਲਣਾ ਚਾਹੁੰਦਾ ਹੈ
ਇਹ ਮੁੜ ਮੁੜ ਯਾਦ ਕਰਾਉਂਦੀਆਂ ਨੇ, ਜੋ ਯਾਦਾਂ ਨੇ ਇਹ ਜੋ .

ਦਲਬੀਰ ਕਲੇਰ

ਗੀਤ

ਔਰਤ ਜੱਗ ਦੀ ਜਨਣੀ ਦਾ ਸਤਿਕਾਰ ਕਰੋ ਲੋਕੋ
ਧੀ ਵੀ ਮਿੱਠਾ ਮੇਵਾ ਰੱਜ ਕੇ ਪਿਆਰ ਕਰੋ ਲੋਕੋ

ਹਾਸੇ ਖੇੜੇ ਖੁਸ਼ੀਆਂ ਵੰਡੇ ਪੁੱਤਰਾਂ ਦੀਆਂ ਦਾਤਾਂ ਏ
ਮਾਂ ਦੀ ਕੁੱਖ 'ਚੋਂ ਜਨਮ ਲਿਆ ਕਿੱਦਾਂ ਕਮਜਾਤਾਂ ਏ.
ਗੁਰੂ ਨਾਨਕ ਦੀ ਕਥਨੀ ਕਿਉਂ ਤੁਸੀ ਪਾਰ ਪਰੋਂ ਲੋਕੋਂ

ਪਾਕ ਪਵਿੱਤਰ ਮੱਸਿਆ ਪੁੰਨਿਆ ਵਰਗਾ ਚੇਹਰਾ ਏ
ਤੂੰ ਬਾਬਲ ਧੀ ਦਾਨ ਕਰੀਂ ਜੱਗ ਰੱਚਿਆ ਮੇਰਾ ਏ
ਜੱਗ ਦੀ ਸਿਰਜਣ ਹਾਰੀ ਕਿਉਂ ਵਪਾਰ ਕਰੋ ਲੋਕੋਂ

ਹੱਥਾਂ ਵਿਚ ਤਲਵਾਰਾਂ ਫੜ ਕੇ ਜੰਗਾਂ ਲੜੀਆਂ ਨੇ
ਹਰ ਮੁਸ਼ਕਲ ਵਿਚ ਮਰਦਾਂ ਨਾਲ ਬਰਾਬਰ ਖੜ੍ਹੀਆਂ ਨੇ
ਝਾਂਸੀ ਵਰਗੀਆਂ ਭੈਣਾਂ ਤੇ ਇਤਬਾਰ ਕਰੋ ਲੋਕੋ

ਪੜ੍ਹ ਲਿਖ ਕੇ ਦਲਬੀਰਿਆ ਧੀਆਂ ਚੰਦ 'ਤੇ ਚੜ੍ਹੀਆਂ ਨੇ
ਹਿਸਾਬ ਚੁਕਾਉਣਾ ਪਹਿਲਾ ਕਿੰਨੀਆ ਗਰਭ ਵਿਚ ਮਰੀਆਂ ਨੇ
ਫੜਨੇ ਕਾਤਿਲ ਕਿਰਨਾਂ ਦੇ ਪ੍ਰਚਾਰ ਕਰੋ ਲੋਕੋ।

ਗੀਤ

ਵੇ ਚਰਖੇ ਦੀ ਘੂਕ ਸੁਣ ਕੇ ਮੈਨੂੰ ਯਾਦ ਵੇ ਤ੍ਰਿੰਜਣਾਂ ਦੀ ਆਵੇ
ਵੱਡੀ ਬੇਬੇ ਨਾਲ ਪੋਤੀਆਂ ਜਿਵੇਂ ਗੀਤ ਪਈ ਖੁਸ਼ੀ ਦੇ ਗਾਵੇ

ਤ੍ਰਿਝਣਾ ਦਾ ਪੂਰ ਭਰਿਆ, ਪੋਹ ਫੁੱਟਦੀ ਘਰ ਨੂੰ ਮੁੜ ਜਾਵੇ
ਕੋਈ ਜਾ ਕੇ ਧਾਰਾਂ ਕੱਢਦੀ ਕੋਈ ਚਾਟੀ, ਮਧਾਣੀ ਪਾਵੇ
ਇਹ ਨਵੀਂ ਮੁਕਲਾਵੇ ਆਈ ਸੀ ਡੇਰੇ ਖੇਸ ਦੇ ਸਮਾਣੀ ਵੱਟੀ ਜਾਵੇ।

ਗੋਹਾ ਕੂੜਾ ਆਪ ਕਰਿਆ ਨਾਲ ਗਰਮੀ 'ਚ ਮੱਝਾਂ ਸੀ ਨਹਾਈਆਂ
ਗਰਮੀ ਦਾ ਸੇਕ ਸੀ ਬੜਾ, ਰੋਟੀਆਂ ਤੰਦੂਰ 'ਤੇ ਪਕਾਈਆਂ
ਖੇਤਾਂ ਵਿਚ ਹਲ ਵੱਗਦੇ ਭੱਤਾ ਲੈਕੇ ਸੁਆਣੀ ਕੋਈ ਜਾਵੇ

ਨਰਮੇ ਕਪਾਹਾਂ ਚੁਗੀਆਂ ਅਸੀਂ ਸਾਰਾ ਦਿਨ ਖੇਤਾਂ ਵਿਚ ਹਾਣੀਆਂ
ਸ਼ਾਮ ਦਾ ਨਜਾਰਾ ਵੱਖਰਾ ਸੀ ਜਦੋਂ ਪੰਡਾਂ ਬੰਨ ਤੁਰਦੀਆਂ ਢਾਹਣੀਆਂ
ਛੋਟੀ ਭੈਣ ਮੇਰੀ ਲਾਡਲੀ ਪੰਡ ਅੱਗਿਓਂ ਚੁਕਣ ਨੂੰ ਆਵੇ।

ਕੋਈ ਫੁਲਕਾਰੀ ਕੱਢਦੀ ਕੋਈ ਦਰੀਆਂ ਤੇ ਮੋਰ ਸੀ ਪਾਉਂਦੀ
ਡੱਬੇ ਦਾਰ ਮੰਜੇ ਬੁਣਦੀ ਕੋਈ ਕੋਠੀਆਂ ਪੜੋਲੇ ਸੀ ਬਣਾਉਂਦੀ
ਨੀ ਯਾਦ ਦਲਬੀਰ ਮਾਹੀ ਦੀ ਮੈਨੂੰ ਨਿੱਤ ਨੀ ਸਹੇਲੀਓ ਸਤਾਵੇ।

ਗੀਤ

ਦਾਰੂ ਚੰਦਰੀ ਸਾਡੇ ਘਰ ਪੱਟਦੀ ਨਸ਼ਿਆਂ ਨੂੰ ਅੱਗ ਲਾ ਦਿਓ
ਸਾਰੀ ਮੁੱਕ ਜੇ ਲੜਾਈ ਬੰਨੇ ਵੱਟ ਦੀ
ਨਸ਼ਿਆਂ ਨੂੰ ਅੱਗ ਲਾ ਦਿਓ

ਦਾਰੂ ਵੱਡੇ ਵੱਡੇ ਕਾਂਡ ਕਰਾਉਂਦੀਆ
ਭਾਈਆ ਭਾਈਆਂ ਵਿਚ ਯਾਰੋ ਫੁੱਟ ਪਾਉਂਦੀਆ
ਬੰਨੇ ਚੰਨੇ ਦੀ ਲੜਾਈ ਪੱਗ ਲੱਥਦੀ
ਨਸ਼ਿਆਂ ਨੂੰ ਅੱਗ ਲਾ ਦਿਓ

ਬਾਪੂ ਸਾਰਿਆਂ ਤੋਂ ਚੋਰੀ ਪੈਗ ਲਾਉਂਦਾ ਵਾ
ਨਾਲੇ ਬੇਬੇ ਤੋਂ ਆਚਾਰ ਮੰਗਵਾਉਂਦਾ ਆ
ਜਦੋਂ ਤੋਤਲੀ ਜੁਬਾਨ ਘੂਰੀ ਵੱਟਦੀ
ਨਸਿਆਂਨੂੰ ਅੱਗ ਲਾ ਦਿਓ।

ਕਲਾਕਾਰ ਜੋ ਸਟੇਜਾਂ ਉੱਤੇ ਗਾਉਂਦੇ ਨੇ
ਪੈਗ ਲੰਡੂ ਜਿਹੇ ਉਹ ਵੀ ਪਹਿਲਾ ਲਾਉਂਦੇ
ਫਿਰ ਅੱਧ ਨੰਗੀ ਕੁੜੀ ਨਾਲ ਨੱਚਦੀ
ਨਸ਼ਿਆਂ ਨੂੰ ਅੱਗ ਲਾ ਦਿਓ.

ਮੁੰਡੇ ਕੁੜੀਆਂ ਨੂੰ ਨਸ਼ਿਆਂ ਨੇ ਪੱਟਤਾ
'ਦਲਬੀਰ' ਹਾਲ ਹੋਇਆ ਬੁਰਾ ਜੱਟ ਦਾ
ਜਿੰਨੇ ਤੱਲੀ ਤੇ ਜ਼ਮੀਨ ਰੱਖ ਫ਼ੱਕ ਤੀ
ਨਸ਼ਿਆਂ ਨੂੰ ਅੱਗ ਲਾ ਦਿਓ।

ਗੀਤ

ਬਹਿ ਪਰਿਵਾਰ 'ਚ ਮਾਂ ਭੈਣ ਹਰ ਬੰਦਾ ਸੁਣ ਸਕਦਾ
ਯਮਲਾ ਜੱਟ, ਗੁਰਦਾਸ ਮਾਨ ਜਾਂ ਮਾਣਕ ਹੋ ਸਕਦਾ
ਕਲਮਾ ਵਾਲਿਓ ਸਭ ਨੂੰ ਚੰਗਾ ਲਿਖਣਾ ਚਾਹੀਦਾ
ਤਿੜਕ ਨਾ ਜਾਵੇ ਰਿਸ਼ਤਾ ਮਾਂ ਵਰਗੀ ਭਰਜਾਈ ਦਾ

ਤਾਨ੍ਹੇ ਮਿਹਣੇ ਦੇ ਕੇ ਜੋ ਕਮਜੋਰ ਬਣਾਉਂਦੇ ਨੇ
ਪਾਕ ਪਵਿੱਤਰ ਰਿਸ਼ਤਿਆਂ ਦੀ ਉਹ ਖਿੱਲੀ ਉਡਾਉਂਦੇ ਨੇ
ਮਤ ਹੋ ਜੇ ਕਮਜੋਰ ਨਹੀਂ ਲਿਖਣਾ ਚਾਹੀਦਾ

ਸਭਿਆਚਾਰ ਪੰਜਾਬੀ ਵਿਰਸਾ, ਦੂਰੀ ਹਟਾਉਂਦਾ ਏ
ਬੁੱਕਲ ਲਾ ਕੇ ਸੂਰਜ ਜਿਵੇਂ ਧੁੱਪ ਮਿਟਾਉਂਦਾ ਏ
ਬਹਿ ਚੰਗੇ ਉਸਤਾਦਾਂ ਕੋਲੋਂ ਸਿੱਖਣਾ ਚਾਹੀਦਾ

ਸੁਕਦਿਆਂ ਦਰਿਆਵਾਂ ਚੋਂ ਜੇ ਪਾਣੀ ਸੁੱਕ ਗਿਆ
ਵਾਰਿਸ਼ ਸ਼ਾਹ ਅੱਜ ਸਭਿਆਚਾਰ ਦਾ ਪਿੱਤਾ ਸੁੱਕ ਗਿਆ
ਪਸ਼ੂਆਂ ਦੀ ਮੰਡੀ ਵਿਚ ਜਿਵੇਂ ਰੌਲਾ ਪਾਈ ਦਾ

ਭਾਬੀ ਦਿਓਰ ਨੂੰ ਸਾਕ ਲਿਆ ਕੇ ਹੱਕ ਜਤਾਉਂਦੀਆਂ
ਫਿਰ ਦਲਬੀਰਿਆ ਲਾਣੇ ਦਾਰਨੀ ਰੋਹਬ ਜਮਾਉਂਦੀਆਂ
ਰੱਬ ਵਰਗੀ ਭਰਜਾਈ ਦੇ ਪੈਰੀਂ ਹੱਥ ਲਾਈਦਾ
ਤਿੜਕ ਨਾ ਜਾਵੇ ਰਿਸ਼ਤਾ ਮਾਂ ਵਰਗੀ ਭਰਜਾਈਦਾ।

ਗੀਤ

ਭੁੱਕੀ, ਅਫੀਮ, ਸ਼ਰਾਬ ਤੇ ਯਾਰੀ,
ਰੱਬਾ ਲੱਗ ਨਾ ਜਾਏ ਬਿਮਾਰੀ
ਕਬਰਾਂ ਤੱਕ ਜਾਂਦੀ ਨਾਲ
ਖੇਡ ਕਬੱਡੀ ਚਾਹੇ ਖੇਡੀ ਜਾ ਫੁੱਟਬਾਲ
ਛੱਡਦੇ ਮਾੜੇ ਕੰਮਾਂ ਦਾ ਮਾੜਾ ਹਾਲ
ਜਿੱਤ ਲੈ ਦੁਨੀਆਂ ਪੱਟਾਂ ਤੇ ਥਾਪੀ ਮਾਰ

ਭੀਮ ਰਾਓ ਸੰਵਿਧਾਨ ਬਣਾਇਆ, ਦੇਸ਼ ਆਜਾਦ ਕਰਾਇਆ
ਗੋਰੇ ਦਾ ਕਰ ਗੋਲ ਬਿਸਤਰਾ ਇਨਕਲਾਬ ਲਿਆਇਆ
ਨਸ਼ਿਆਂ ਦਾ ਰਾਹ ਛੱਡ ਕੇ ਗੱਭਰੂਆਂ ਚੰਗੀਆਂ ਮੱਲਾਂ ਮਾਰ

ਦਾਰਾ ਸਿੰਘ ਨੇ ਜਿੱਤੀ ਦੁਨੀਆਂ ਦੁੱਧ ਨੂੰ ਦਾਗ ਨਾ ਲਾਇਆ
ਛੀਣੀ ਮਾਂ ਤੇ ਪਿਓ ਟਾਈਗਰ ਜੱਗ 'ਤੇ ਨਾ ਚਮਕਾਇਆ
ਧਰਮੂ ਚੱਕ ਦਾ ਜੰਮਿਆਂ ਦਾਰਾ ਸੀ ਭੋਲਾ ਜਿਹਾ ਬਾਲ

ਕਲਾਕਾਰ, ਗੁਰਦਾਸ ਮਾਨ ਨੇ ਕਿੰਨਾ ਸੋਹਣਾ ਗਾਇਆ
ਸਭਿਆਚਾਰ ਜਿਉਂਦਾ ਰੱਖਿਆ ਧੀਆਂ ਨੂੰ ਗਲ ਲਾਇਆ
ਅੰਬਰੋਂ ਤਾਰੇ ਫੁੱਲ ਵਰਸਾਉਂਦੇ ਪਰੀਆਂ ਨੱਚਦੀਆਂ ਨਾਲ

ਸੜਕਾਂ ਤੇ ਰੋੜੀ ਕੁੱਟਦਾ ਖਲੀ ਸਟਾਰ ਬਣਾ ਦਿੱਤਾ
ਭੁੱਲਰ ਸਾਹਿਬ ਦਾ ਦੁਨੀਆਂ ਉੱਤੇ ਨਾ ਚਮਕਾ ਦਿੱਤਾ
ਜੱਗ ਜਨਣੀ ਜਿਉਂ ਭਗਤ ਸੂਰਮਾਂ ਗੁਰੂ ਨਾਨਕ ਅਵਤਾਰ

ਸੰਤ ਰਾਮ ਉਦਾਸੀ ਜੀ ਵੀ ਸੁੱਤੀ ਅਣਖ ਜਗਾਉਂਦਾ
ਕਿਰਦੀ ਲੋਕਾਂ ਦੀ ਮੁਕਤੀ ਦਾ ਲੋਕੋ ਬਿਗਲ ਵਜਾਉਂਦਾ
ਤੂੰ ਦਲਬੀਰਿਆ ਜਿਹੀ ਦੁਨੀਆ ਮੁੱਛ ਦਾ ਵੇਖ ਸਵਾਲ।

ਨੌਬੀ ਸੋਹਲ

ਗ਼ਜ਼ਲ

ਇਸ ਕਦਰ ਮੁਸ਼ਕਿਲ ਹੈ ਸ਼ਿਅਰਾਂ ਵਿਚ ਖ਼ਿਆਲਾਂ ਨੂੰ ਸਜਾਉਣਾ ।
ਜਿਸ ਤਰ੍ਹਾਂ ਵਗਦੇ ਹੋਏ ਪਾਣੀ ਉੱਤੇ ਦੀਵਾ ਟਿਕਾਉਣਾ।

ਖ਼ੂਬ ਨੀਤੀ ਤੇਰੀ ਸੂਰਜ ਚੰਨ ਦੇ ਚਿੱਤਰ ਬਣਾਉਣਾ
ਜਗਦੇ ਹੋਏ ਦੀਵਿਆਂ ਨੂੰ ਝੱਟ ਹੀ ਤੇਰਾ ਬੁਝਾਉਣਾ।

ਸਿਲਸਿਲਾ ਜਾਰੀ ਹੈ ਤੇਰਾ ਅੱਗ ਨੂੰ ਜੰਗਲ ਵਿੱਚ ਬਿਠਾਉਣਾ
ਨਾਲੇ ਪੌਦੇ ਸਾੜ ਦੇਵੇ ਨਾਲੇ ਬੱਦਲਾਂ ਨੂੰ ਵਰਾਉਣਾ।

ਜਾਣ ਚੁੱਕਾ ਹੈ ਤਿਰੇ ਅੰਦਾਜ਼ ਨੂੰ ਹਰ ਕੋਈ ਅਜਕਲ
ਮਹਿਕ ਘਰ ਵਿਚ ਕੈਦ ਰੱਖਣੀ ਕਾਲਰਾਂ 'ਤੇ ਫੁੱਲ ਲਗਾਉਣਾ

ਨੱਚਦਾ ਵਿਹੜਾ, ਖਿੜੇ ਫੁੱਲ, ਮਹਿਕਦੀ ਵ੍ਹਾ, ਹੱਸਦੇ ਦਰ
ਲੱਗਦੈ ਘਰ ਵਿਚ ਕਿਸੇ ਨੇ ਯੁੱਗਾਂ ਪਿੱਛੋਂ ਪੈਰ ਪਾਉਣਾ

ਰੰਗ ਫਿੱਕਾ ਹੈ ਬਹਾਰਾਂ ਵਿਚ ਵੀ ਫੁੱਲ ਦਾ ਕਲੀ ਦਾ
ਪਤਝੜਾਂ ਵਿਚ ਰੰਗ ਖ਼ਬਰੇ ਪਤਝੜਾਂ ਨੇ ਕੀ ਵਿਖਾਉਣਾ

ਗ਼ਜ਼ਲ

ਕਹਿਰ ਕੇਹਾ ਟੁੱਟ ਪਿਆ ਹੈ ਅੱਜਕਲ ਸਾਡੇ ਘਰਾਂ 'ਤੇ।
ਹਾਦਸੇ ਸਾਡਾ ਸਵਾਗਤ ਕਰਦੇ ਨੇ ਖੜ੍ਹਕੇ ਦਰਾਂ 'ਤੇ।

ਭੁੱਖ ਏਨੀ ਵਧ ਗਈ ਯਾਰੋ ਮਛੇਰਿਆਂ ਦੀ ਅੱਜ ਕੱਲ੍ਹ।
ਅੱਖਾਂ ਮੱਛੀਆਂ ਦੀ ਥਾਵੇਂ ਰੱਖ ਰਹੇ ਨੇ ਸਾਗਰਾਂ 'ਤੇ

ਉਹ ਦੁਆਵਾਂ ਭੇਜਦੇ ਨੇ ਮੈਨੂੰ ਲੰਬੀ ਉਮਰ ਦੀਆਂ
ਖੰਜਰਾਂ ਦੀਆਂ ਛਪੀਆਂ ਮੂਰਤਾਂ ਦੇ ਪੱਤਰਾਂ 'ਤੇ।

ਤੈਨੂੰ ਬੇਚੈਨੀ ਭਲਾ ਕਿਉਂ ਜਿਸਮ ਤੇਰਾ ਕੰਬਦਾ ਕਿਉਂ ?
ਭੁੱਖੇ ਲੋਕੀਂ ਖੇਡਦੇ ਅੱਗ ਨਾਲ ਨੱਚਦੇ ਖੰਜਰਾਂ 'ਤੇ।

ਨਿੰਘ ਇਨਾਂ 'ਚੋਂ ਜਰਾ ਜਿੰਨਾ ਮਿਲੇ ਨਾ ਰਿਸ਼ਤਿਆਂ ਦਾ
ਧੂੜ ਕੇਹੋ ਜਿਹੀ ਜੰਮੀ ਹੈ ਪਛੋਂ ਦੀ ਆਂਦਰਾਂ 'ਤੇ।

ਉਹ ਪਰਾਂ 'ਤੇ ਧਰਕੇ, ਅੰਗਾਰੇ ਉਡਾ ਦਿੰਦੇ ਨੇ ਪੰਛੀ
ਦੋਸ਼ ਉਲਟਾ ਸਾੜਨੇ ਦਾ ਲਾਉਂਣ ਔਵੇ ਅੰਬਰਾਂ 'ਤੇ

ਦਿਨ ਚੜ੍ਹੇ ਵੀ ਰੋਸ਼ਨੀ ਦਿਸਦੀ ਨਹੀਂ ਭੋਰਾ ਮਨਾਂ ਨੂੰ,
ਐਸੇ ਸੂਰਜ ਵੀ ਚੜ੍ਹੇ ਨੇ ਕਿੰਨੇ ਮੇਰੇ ਗਰ੍ਹਾਂ 'ਤੇ।

ਸੇਕ ਜ਼ਜ਼ਬੇ ਦਾ ਮੁਕਾਕੇ ਰੱਖ ਦੇਵੇ ਸਿੱਲ ਸਾਰੀ
ਉਂਝ ਪਾਣੀ ਤਾਂ ਬੜਾ ਪਾਇਆ ਕਈਆਂ ਨੇ ਪਰਾਂ 'ਤੇ।

ਗ਼ਜ਼ਲ

ਸਭੇ ਅੰਬਰ, ਸਮੁੰਦਰ, ਗ੍ਰਹਿ ਨੇ ਲੱਭ ਲੈਣੇ ਸਭ ਛੁਪੇ ਹੋਏ
ਅਸੀਂ ਖ਼ੁਦ ਖੋ ਗਏ ਹਾਂ ਪਰ ਕਿਸੇ ਨੂੰ ਲੱਭਦੇ ਹੋਏ।

ਅਸਾਂ ਨੂੰ ਸੇਧ ਬਖਸ਼ੂ ਰੋਸ਼ਨੀ ਹੁਣ ਸਾਡੇ ਮੱਥੇ ਦੀ,
ਬੜਾ ਚਿਰ ਹੋ ਗਿਆ ਹੋਰਾਂ ਸਹਾਰੇ ਚੱਲਦੇ ਹੋਏ।

ਇਹ ਕੈਸਾ ਮੋੜ ਹੈ ਜੀਵਨ ਦਾ ਮੇਰਾ ਜਿਸਮ ਮਿੱਟੀ ਹੈ,
ਤੇਰੇ ਵੀ ਸੁਨਹਿਰੀ ਨੈਣ ਤੇ ਤਾਰੇ ਨੇ ਢਲੇ ਹੋਏ।

ਕਿਹੋ ਜੇਹਾ ਇਹ ਨਕਸ਼ਾ ਚਿਤਰਿਆ ਮਾਲੀ ਨੇ ਗੁਲਸ਼ਨ ਦਾ
ਮੇਰੀ ਤਿਤਲੀਆਂ, ਕੰਡੇ ਤਿੱਖੇ, ਪੱਤੇ ਝੜੇ ਹੋਏ।

ਨਾ ਕੋਈ ਨਿੱਘ ਹੈ, ਨਾ ਰੰਗ ਹੈ, ਨਾ ਮਹਿਕ ਨਾ ਚਾਨਣ,
ਤੇਰੇ ਤੁਰ ਜਾਣ ਪਿੱਛੋਂ ਮੌਸਮਾਂ ਵਿਚ ਹਾਦਸੇ ਹੋਏ।

ਤੁਹਾਨੂੰ ਰਾਸ ਹੈ ਜੇਕਰ, ਤੁਹਾਨੂੰ ਹੈ ਮੁਬਾਰਕ ਫਿਰ
ਬੜਾ ਦਿਲ ਭਰ ਗਿਆ ਸਾਡਾ ਇਹ ਮੌਸਮ ਮਾਣਦੇ ਹੋਏ।

ਗ਼ਜਲ

ਕਦੇ ਲਿਖਿਆ ਸੀ ਮੋਤੀਆਂ ਤਰ੍ਹਾਂ ਜੋ ਮੈਂ ਸਜਾਕੇ।
ਬੜਾ ਰੋਇਆ ਤਿਰਾਂ ਨਾ ਕੱਲ੍ਹ ਕਾਗਜ਼ ਤੋਂ ਮਿਟਾਕੇ।

ਸਮੁੰਦਰ ਦੀ ਕਿਹੋ ਜੇਹੀ ਅਜਬ ਹੈ ਪਿਆਸ ਹੁੰਦੀ
ਕਦੇ ਰਜਦਾ ਨਹੀਂ ਲੱਖਾਂ ਨਦੀਆਂ ਨੂੰ ਰਲਾਕੇ।

ਖ਼ਰੇ ਨਾਤਾ ਕਿਹੋ ਜੇਹਾ ਹੈ, ਅੱਖਾਂ ਨਾਲ ਜੁੜਿਆ
ਜੁ ਹੰਝੂ ਰੁਕ ਗਿਆ ਇਕਦਮ ਹੀ ਪਲਕਾਂ ਉੱਤੇ ਆਕੇ।

ਸ਼ਰੁ ਦੇ ਕਾਂਢ ਵਿਚ ਹੀ ਮੁੱਕ ਗਿਆ ਸੀ ਰੋਲ ਭਾਵੇਂ

ਮੈਂ ਫਿਰ ਵੀ ਖੁਸ਼ ਹਾਂ ਤੇਰੇ ਕਿੱਸੇ ਦਾ ਪਾਤਰ ਕਹਾਕੇ।

ਕੀ ਗੁਣ ਗਾਵੇਂ ਤੂੰ ਉਸ ਮੱਕਾਰ ਦੇ ਤੈਨੂੰ ਪਤਾ ਕੀ,
ਉਹ ਵਧਿਆ ਕਿੰਝ ਯਾਰਾਂ ਨੂੰ ਕਿਵੇਂ ਪੌੜੀ ਬਣਾਕੇ।

ਮੇਰਾ ਦਿਲ ਜੰਗਲਾਂ ਵਿੱਚ ਜਾਣ ਨੂੰ ਕਰਦਾ ਬੜਾ ਹੁਣ,
ਮੈਂ ਤਾਂ ਪਛਤਾ ਰਿਹਾਂ, ਸ਼ਹਿਰਾਂ ਨੂੰ ਖੁਦ ਹੱਥੀਂ ਵਸਾਕੇ।

ਮੁਹੱਬਤ ਮੈਂ ਤਿਰੇ ਦਰ ਉੱਤੇ ਪੁੱਜਾਗਾਂ ਕਿਸੇ ਦਿਨ
ਮੈਂ ਭਾਵੇਂ ਸਾਬਤਾ ਪੁੱਜਾਂ ਮੈਂ ਭਾਵੇਂ ਸਿਰ ਕਟਾਕੇ।

ਤੁਹਾਡੀ ਜੰਗਲਾਂ ਦੇ ਨਾਲ ਵੀ ਹਮਦਰਦੀ ਡਾਢੀ,
ਤੇ ਨਾਲੇ ਰੱਖਦੇ ਅੱਗ ਨਾਲ ਸੈਨਤ ਮਿਲਾਕੇ।

ਭਲਾ ਇਹ ਕੀ ਪਤਾ ਸੀ ਇੰਝ ਭੁੱਲਣਗੇ ਪਲਾਂ ਵਿੱਚ
ਜੁ ਕਸਮਾਂ ਖਾਂਦੇ ਸੀ ਹੱਥਾਂ ਨੂੰ ਅੱਗ ਉੱਤੇ ਟਿਕਾਕੇ।

ਮੇਰੇ ਪੈਰਾਂ ਨੇ ਪੱਥਰ ਸੀ ਕਦੋਂ ਬਣਨਾ ਭਲਾ ਫਿਰ
ਜਿ ਦੁਸ਼ਮਣ ਰੱਖਦੇ ਨਾ ਰਾਹਾਂ ਦੇ ਵਿਚ ਕੰਡੇ ਵਿਛਾਕੇ।

ਗ਼ਜ਼ਲ

ਨ ਘੋਰੀ ਹੈ ਜ਼ਰਾ ਬਦਲੀ ਤੇ ਨਾ ਭੋਰਾ ਵ੍ਰਰੀ ਹੈ।
ਕਿਹੋ ਜੇਹੀ ਸ਼ਰਾਰਤ ਚੰਦਰੀ ਨੇ ਅੱਜ ਕਰੀ ਹੈ।

ਭਲਾ ਜੰਜ਼ੀਰ ਕਿਉਂ ਬੱਨ੍ਹੀ ਹੈ ਸਾਡੀ ਸੋਚ ਉੱਤੇ,
ਗੁਲਾਮੀ ਤੋਂ ਹਰਿਕ ਸਖਸ਼ ਭਾਵੇਂ ਹੁਣ ਬਰੀ ਹੈ।

ਨਜਰ ਉਨ੍ਹਾਂ ਟਿਕਾਈ ਹੈ ਜ਼ਮੀਨਾ ਦੇ ਉੱਤੇ ਹੁਣ,
ਜਿੰਨਾ ਨੇ ਫਸਲ ਹੁਣ ਤੱਕ ਸਾਡੇ ਖੇਤਾਂ ਦੀ ਚਰੀ ਹੈ।

ਮੈਂ ਘੂਰਾਂ ਤੇ ਡਰਾਵਾਂ ਅੱਖੀਆਂ ਨਾਲ ਉਸਨੂੰ
ਮੇਰੇ ਵਿਪਰੀਤ ਅੰਨੇ ਨੇ ਸ਼ਿਕਾਇਤ ਇਹ ਕਰੀ ਹੈ।

ਭਲਾ ਕਿਉਂ ਜ਼ਿੰਦਗੀ ਤੂੰ ਮੁੱਖ ਮੋੜੇ ਮੇਰੇ ਕੋਲੋਂ
ਮੈਂ ਤਾਂ ਦੇਖਣ ਲਈ ਤੈਨੂੰ ਹਰੇਕ ਪੀੜਾ ਜਰੀ ਹੈ।

ਉਦਾਸੀ ਕਿਉਂ ਰਤਾ ਭਰ ਨਾ ਦਿਸੇ ਮਾਲੀ ਦੇ ਮੁੱਖ 'ਤੇ
ਤੜਫ਼ ਕੇ ਡਾਰ ਤਿਤਲੀਆਂ ਦੀ ਭਾਵੇਂ ਇਕ ਮਰੀ ਹੈ।

ਮੇਰੇ ਕਦਮਾਂ ਤੇ ਅੱਖਾਂ ਅੱਗੇ ਹੋਵੇਗ ਸਮੁੰਦਰ
ਜੁਦਾਈ ਦੇ ਸਮੇਂ ਕਾਤ੍ਹੋਂ ਭਲਾ ਤੂੰ ਅੱਖ ਭਰੀ ਹੈ।

ਕਹੋ ਉਸਨੂੰ ਬਦਲ ਦੇਵੇ ਉਹ ਐਨਕ ਦੇ ਸ਼ੀਸ਼ੇ ਹੁਣ,
ਜਿਨੂੰ ਇਹ ਸਾਰੀ ਹੀ ਧਰਤੀ ਅਜੇ ਦਿਸਦੀ ਹਰੀ ਹੈ।

ਤੇਰੇ ਖਾਤਰ ਅਸੀਂ ਤਾਂ ਹਾਰਦੇ ਹੋਏ ਜਿੱਤੇ ਹਾਂ
ਤੇ ਜਿੱਤੀ ਹੋਈ ਹਰ ਬਾਜ਼ੀ ਤਿਰੀ ਖਾਤਰ ਹਰੀ ਹੈ।

ਦਰਖ਼ਤਾਂ ਨੂੰ ਡਰਾਇਆ ਕਿਸ ਕਦਰ ਦੇਖੋ ਖ਼ਿਜ਼ਾਂ ਨੇ
ਬਹਾਰਾਂ ਵਿਚ ਵੀ ਹਰ ਰੁੱਖ ਦੀ ਲੰਗਰ ਹਾਲੇ ਡਰੀ ਹੈ,

ਹਨੇਰੀ ਨੇ ਬੜਾ ਹੀ ਕਹਿਰ ਕੀਤਾ ਰਾਤ ਪਿਛਲੀ
ਗਿਰੇ ਬਿਰਖਾਂ, ਝੜੇ ਪੱਤਾਂ ਗਵਾਹੀ ਅੱਜ ਭਰੀ ਹੈ।

ਪ੍ਰੀਤ ਸੰਦਲ 'ਮਕਸੂਦੜਾ'

ਹੱਥਾਂ ਦੇ ਅੱਟਣ

ਫੇਰ ਨਾ ਦੁਖੜੇ ਸਾਡੇ ਹੱਥਾਂ ਦੇ ਅੱਟਣ
ਪੈਰਾਂ ਦੀਆਂ ਬਿਆਈਆਂ।
ਜਦ ਸਾਡੇ ਮੁੜ੍ਹਕੇ ਦੀਆਂ ਮਹਿਕਾਂ
ਕਰਨਗੀਆਂ ਰੁਸ਼ਨਾਈਆਂ।

ਅਜੇ ਨਾ ਸੋਚ ਤੂੰ ਦਰਦਾਂ ਵਾਰੇ
ਕਰੜਾ ਕਰ ਲੈ ਜੇਰਾ
ਅਜੇ ਤਾਂ ਸਾਡੇ ਚੰਨ ਦੁਆਲੇ
ਹੈ ਬੱਦਲਾਂ ਦਾ ਘੇਰਾ
ਮੰਝਿਲ ਚੁੰਮਦੀ ਪੈਰ ਜਿੰਨ੍ਹਾਂ ਨੇ
ਰਾਤਾਂ ਅਰਗ ਚੜ੍ਹਾਈਆਂ।
ਫੇਰ ਨਾ ਦੁਖਣੇ. . . .

ਸਾਡੇ ਸਿਰ ਵੀ ਛੱਤ ਹੋਉਗੀ
ਛਾਬੇ ਦੇ ਵਿਚ ਰੋਟੀ
ਸਖ਼ਤ ਮਿਹਨਤ ਨੇ ਬਦਲ ਦੇਣੀ ਐ
ਕਹੋਂ ਜੋ ਕਿਸਮਤ ਖੋਟੀ
ਲਿਫ਼ ਲਿਫ਼ ਜਾਂਦੇ ਪਰਬਤ ਵੀ ਜਦ ਆਸ਼ਕ ਕਰਨ ਚੜ੍ਹਾਈਆਂ।
ਫੇਰ ਨਾ ਦੁਖਣੇ. . . .

ਵੱਖਰੀ ਸਿਰਜਾਂਗੇ ਦੁਨੀਆਂ
ਜਿਥੇਂ ਮੈਂ ਰਾਜਾ ਤੂੰ ਰਾਣੀ
ਇਕ ਦਿਨ ਸੱਚ ਕਰਾਂਗੇ ਸੰਦਲ

ਜੋ ਕਲਪਿਤ ਲੱਗੇ ਕਹਾਣੀ।
ਤਾਰਆਂ ਦੀ ਲੋਏ ਜਦ ਬਹਿ ਕੇ
ਕਰਾਂਗੇ ਮਨ ਦੀ ਆਈਆਂ
ਫੇਰ ਨਾ ਦੁਖਣੇ . . .

ਮਰਨਾ ਤਾਂ ਹੱਲ ਨਹੀਂ

ਮਰਨਾ ਤਾਂ ਹੱਲ ਨਹੀਂ ਇਸ ਮਸਲੇ ਦਾ
ਆਉ ਸਿਰ ਜੋੜ ਕਰੀਏ ਵਿਚਾਰ
ਆਪੋ ਧਾਪ ਡੋਬਦੀ ਐ ਮੰਝਧਾਰ ਵਿਚ
'ਤੇ ਵਿਚਾਰ ਲਾਵੇ ਸਾਗਰਾਂ ਤੋਂ ਪਾਰ।

ਕਿਵੇਂ ਸਾਡੇ ਘਰ ਵਿਚ ਕਰਜ਼ੇ ਨੇ ਪੈਰ ਪਾਏ
ਕਿਵੇਂ ਪੱਕੇ ਡੇਰੇ ਲਾ ਕੇ ਬਹਿ ਗਿਆ
ਕਿਵੇਂ ਸਾਡੇ ਨੈਣਾਂ ਨੂੰ ਰੰਗੀਨੀਆਂ ਨੇ ਮੋਹ ਲਿਆ
ਤੇ ਕਿਵੇਂ ਸਾਡੀ ਸਾਦਗੀ ਨੂੰ ਖਾ ਗਿਆ
ਕਿਵੇਂ ਸੁੱਖ ਚੈਨ ਤੇ ਜ਼ਮੀਨ ਸਾਡੀ ਖਾ ਕੇ
ਹੁਣ ਜ਼ਿੰਦਗੀ ਵੀ ਰਿਹਾ ਹੈ ਡਕਾਰ
ਮਰਨਾਂ ਤਾਂ ਹੱਲ ਨਹੀ. . . .

ਹਰੀਆਂ ਤੇ ਚਿੱਟੀਆਂ ਕਰਾਂਤੀਆਂ ਨੇ ਕੀਤੇ
ਸਾਨੂੰ ਨਫ਼ੇ ਘੱਟ, ਜਿਆਦਾ ਨੁਕਸਾਨ ਨੇ
ਕੀੜਿਆਂ ਦੇ ਭੌਣ ਤੇ ਬੈਠਾ ਕੇ ਸਾਨੂੰ ਹੱਸੇ
ਸਾਡੇ ਆਪਣੇ ਜੋ ਬਣਦੇ ਮਹਾਨ ਨੇ।
ਤਾਂ ਹੀ ਮਜ਼ਦੂਰ ਬਣ ਚੌਂਕਾਂ ਵਿਚ ਖੜ੍ਹੇ
ਜਿਹੜੇ ਹੁੰਦੇ ਸੀ ਕਹਾਉਂਦੇ ਸਰਦਾਰ
ਮਰਨਾਂ ਤਾਂ ਹੱਲ .

ਰੇਹਾਂ ਸਪਰੇਹਾਂ ਸਭ ਮਿਲਦੇ ਨੇ ਨਕਲੀ ਤੇ
ਬੀਜ ਵੀ ਤਾਂ ਅਸਲੀ ਲਿਆਉਂਦੇ ਨੀ
ਜਿਹੜੇ ਸਾਡੀ ਮੌਤ ਦਾ ਸਮਾਨ ਤਿਆਰ ਕਰਦੇ
ਉਹ ਕਿਉਂ ਸਰਕਾਰਾਂ ਨੂੰ ਥਿਆਉਂਦੇ ਨੀ
ਚੋਰਾਂ ਨਾਲ ਰਲੀ ਕੁੱਤੀ ਬੜਾ ਚਿਰ ਹੋਇਆ
ਅਸੀਂ ਜਾਣਿਆਂ ਸੀ ਜੀਹਨੂੰ ਵਫ਼ਾਦਾਰ
ਮਰਨਾ ਦਾ ਹੱਲ ਨਹੀਂ. . . .

ਮਰ ਕੇ ਕਹਾਣੀ ਏਹੇ ਖ਼ਤਮ ਨੀ ਹੋਣੀ
ਰਹਿਣੀ ਸੰਦਲਾ ਇਹ ਏਸੇ ਤਰ੍ਹਾਂ ਚੱਲਦੀ
ਹੌਂਸਲਾ ਨਾ ਹਾਰੋ ਬਹਿ ਕੇ ਸੋਚੋ ਤੇ ਵਿਚਾਰੋ
ਲੱਭੋ ਕੋਈ ਤਰਕੀਬ ਪੱਕੇ ਹੱਲ ਦੀ
ਹੌਂਸਲਾਂਤੂਫਾਨਾਂ ਦਾ ਵੀ ਮੁੱਖ ਮੋੜ ਦੇਵੇ
ਚੱਲ ਉੱਠ ਜਰਾ ਹੌਂਸਲੇ ਨੂੰ ਧਾਰ
ਮਰਨਾ ਦਾਂ ਹੱਲ ਨਹੀਂ .

ਵੇਲਾ ਲੰਘਿਆ

ਬਣਿਆ ਫਿਰੇ ਤੂੰ ਠੇਕੇਦਾਰ ਸਾਰੇ ਪਿੰਡ ਦਾ
ਨਿਕਲੂ ਨਤੀਜਾ ਮਾੜਾ ਤੇਰੀ ਇਸ ਹਿੰਡ ਦਾ
ਤੈਨੂੰ ਕਿੰਨੀ ਵਾਰੀ ਮੈਂ ਤਾਂ ਸਮਝਾਇਆ
ਵੇਲਾ ਹੈ ਵਿਚਾਰ ਲੈ ਅਜੇ
ਵੇਲਾ ਲੰਘਿਆ ਕਦੇ ਨੀਂ ਹੱਥ ਆਇਆ

ਜੇ ਤੂੰ ਵੱਡਾ ਫ਼ਰਜ਼ ਹੈ ਤੇਰਾ ਸਮਝਾਉਣ ਦਾ
ਨਿੱਕੇ ਮੋਟੇ ਰੌਲਿਆਂ ਨੂੰ ਬਹਿ ਕੇ ਨਿਪਟਾਉਣ ਦਾ
ਦੱਸ ਕਦੇ, ਤੂੰ ਕੋਈ ਝਗੜਾ ਮੁਕਾਇਆ
ਵੇਲਾ ਹੈ ਵਿਚਾਰ ਲੈ . . .

ਖੁਸ਼ ਹੁੰਨੈ, ਭਾਈ ਨਾਲ ਭਾਈਆਂ ਦੇ ਲੜਾ ਕੇ ਤੂੰ
ਭਾਲਦੈਂ ਅਮਨ ਘਰ ਹੋਰਾਂ ਦੇ ਜਲਾ ਕੇ ਤੂੰ
ਏਹੀ ਅੱਗ ਕਰੂ ਤੇਰਾ ਵੀ ਸਫਾਇਆ
ਵੇਲਾ ਹੈ ਵਿਚਾਰ ਲੈ. . .

ਉਹਦੇ ਵਾਰੇ ਸੋਚ ਜੀਹਦੇ ਮਰ ਜਾਣ ਸੁਪਨੇ
'ਪ੍ਰੀਤ' ਕੱਖੋਂ ਹੌਲਾ ਜੀਹਨੂੰ ਕਰ ਜਾਣ ਸੁਪਨੇ
ਅੰਤ ਜਾਂਦਾ ਹਥਿਆਰ ਹੈ ਉਠਾਇਆ।
ਵੇਲਾ ਹੈ ਵਿਚਾਰ ਲੈ. .

ਆਸ਼ਕ ਜ਼ਿੰਦਗੀ ਦੇ

ਅਸੀਂ ਆਸ਼ਕ ਜ਼ਿੰਦਗੀ ਦੇ, ਜ਼ਿੰਦਗੀ ਨੂੰ ਜਿਊਣਾ ਹੈ
ਨਾ ਬੋਝ ਵਾਂਗ ਜ਼ਿੰਦਗੀ ਨੂੰ ਮਰ ਮਰ ਢੋਣਾ ਹੈ।
ਅਸੀਂ ਆਸ਼ਕ ਹਾਂ ਜ਼ਿੰਦਗੀ ਦੇ-------
ਨੀਹਾਂ ਵਿਚ ਖੜ੍ਹ ਸਕਦੇ, ਸੂਲੀ 'ਤੇ ਚੜ੍ਹ ਸਕਦੇ।
ਜ਼ਿੰਦਗੀ ਲਈ ਕੱਲੇ ਹੀ ਲੱਖਾਂ ਨਾਲ ਲੜ ਸਕਦੇ।
ਨ੍ਹੇਰਿਆਂ ਤੋਂ ਡਰਕੇ ਨਾ ਸਿੱਖਿਆ ਘਬਰਾਉਣਾ ਹੈ।
ਅਸੀਂ ਆਸ਼ਕ ਜ਼ਿੰਦਗੀ ਦੇ--------
ਅਸੀਂ ਰਾਖੇ ਪਿਆਰਾਂ ਦੇ, ਦੁਸ਼ਮਣ ਹਥਿਆਰਾਂ ਦੇ
ਸਾਡੀ ਕਲਮ ਬੰਦੂਕ ਜਹੀ, ਖੋਲ੍ਹੇ ਕੰਨ ਸਰਕਾਰਾਂ ਦੇ
ਸਦਾ ਗਲਤ ਨੀਤੀਆਂ ਦੇ ਨਾਲ ਆਢਾ ਲਾਉਣਾ ਹੈ।
ਅਸੀਂ ਆਸ਼ਕ ਜ਼ਿੰਦਗੀ ਦੇ--------

ਅਮਨਾਂ ਦੇ ਗੀਤ ਅਸੀਂ, ਗਾਉਂਦੇ ਹਾਂ ਪ੍ਰੀਤ ਅਸੀਂ
ਸਭ ਦੁਨੀਆ ਸਾਡੀ ਹੈ, ਸਭ ਜੱਗ ਦੇ ਮੀਤ ਅਸੀਂ
ਚਾਹੁੰਦੇ ਸਭ ਹੱਦਾਂ ਨੂੰ ਧਰਤੀ ਤੋਂ ਮਿਟਾਉਣਾ ਹੈ
ਅਸੀਂ ਆਸ਼ਕ ਜ਼ਿੰਦਗੀ ਦੇ-------

ਮੇਰੇ ਦਿਲ ਦੀਏ ਮਹਿਰਮੇਂ

ਮਾਏ ਮੇਰੇ ਦਿਲ ਦੀਏ ਮਹਿਰਮੇਂ, ਐਵੇਂ ਕਾਹਤੋਂ ਦਿਲ ਹੌਲਾ ਕਰਦੀ
ਮੈਨੂੰ ਉਨ੍ਹਾਂ ਗੱਲਾਂ ਦਾ ਗਿਆਨ ਹੈ, ਤੂੰ ਗੱਲਾਂ ਜਿਹੜੀਆਂ ਤੋਂ ਡਰਦੀ
ਮਾਏ ਮੇਰੇ ਦਿਲ ਦੀਏ ਮਹਿਰਮੇਂ-----

ਵੱਡੀ ਭੈਣ ਹੁੰਦੇ ਮੈਨੂੰ ਅੰਮੀਏ, ਧੰਨਵਾਦ ਜਗਤ ਦਿਖਾਉਣ ਦਾ
ਚੰਡੀ ਰੂਪ ਹੋ ਕੇ ਪਤੀ ਦੇਵ ਤੇ, ਸੱਸ ਸਹੁਰੇ ਨਾਲ ਆਢਾ ਲਾਉਣ ਦਾ
ਦੱਸੀ ਏ ਕਹਾਣੀ ਮੈਨੂੰ ਭੂਆ ਨੇ ਕਿਵੇਂ ਰਹੀ ਦੁੱਖੜੇ ਤੂੰ ਜਰਦੀ
ਮਾਏ ਮੇਰੇ ਦਿਲ ਦੀਏ ਮਹਿਰਮੇਂ-----

ਉੱਡਦੀ ਹਨੇਰੀਆਂ ਦੇ ਵਿਚ ਨਾ ਧੀ ਉੱਤੇ ਰੱਖ ਇਤਬਾਰ ਨੂੰ
ਪੁੱਤ ਬਣ ਬਾਪੂ ਜੀ ਦੇ ਸਿਰ ਤੋਂ ਚਾਹੁੰਦੀ ਲਾਹਉਣਾ ਕਰਜੇ ਦੇ ਭਾਰ ਨੂੰ
ਕਰਜ਼ੇ ਦੇ ਖਾਧੇ ਲੋਕੀ ਦੇਖ ਕੇ ਆਤਮਾਂ ਵੀ ਹਾਊਕਾ ਮੇਰੀ ਭਰਦੀ।
ਮਾਏ ਮੇਰੇ ਦਿਲ ਦੀਏ ਮਹਿਰਮੇਂ-----

ਹੁਣ ਧੀਆਂ ਧਿਆਣੀਆਂ ਨਾ ਚਿੜੀਆਂ, ਬਾਜ ਕਰ ਸਕਦੇ ਸ਼ਿਕਾਰ ਨਾ
ਮੁੱਖ ਮੇਰੇ ਪੁੰਨਿਆਂ ਦੇ ਚੰਨ ਤੋਂ, ਦਾਗ ਤੂੰ ਕੋਈ ਸਕਦੀ ਸਹਾਰ ਨਾ
ਰਾਖਸ਼ਾ ਦੇ ਹੱਕਾਂ 'ਚ ਤੇਜ਼ਾਬ ਨੇ ਤਾਂ ਹੀ ਤੇਰੇ ਮੁੱਖ ਫਿਰੀ ਜਰਦੀ
ਮਾਏ ਮੇਰੇ ਦਿਲ ਦੀਏ ਮਹਿਰਮੇਂ-----
ਕਿੱਡੇ ਕਿੱਡੇ ਰੱਖੇ ਪਹਿਲਾਂ ਹੌਂਸਲੇ, ਹੋਰ ਥੋੜ੍ਹਾ ਹੌਂਸਲਾ ਵਿਖਾ ਤੂੰ,
ਕਰਾਂ ਮੈਂ ਹਨੇਰਿਆਂ ਦੇ ਟਾਕਰੇ,ਰਾਹ ਮੇਰਾ ਮਾਏ ਰੁਸ਼ਨਾ ਤੂੰ
ਜਿਸ ਦੀ ਸੰਦਲ ਧੀ ਪੜ੍ਹਗੀ, ਉਸ ਦੀ ਤਾਂ ਜਾਣੋਂ ਕੁੱਲ ਤਰਗੀ
ਮਾਏ ਮੇਰੇ ਦਿਲ ਦੀਏ ਮਹਿਰਮੇਂ-----

ਨੇਤਰ ਸਿੰਘ

ਤੁਰਿਆ ਚੱਲ

ਤੁਰਿਆ ਚੱਲ,
ਤੂੰ ਤੁਰਿਆ ਚੱਲ,
ਨਿਰਭਉ ਹੋ ਕੇ ਤੋਰਿਆ ਚੱਲ,
ਰਾਹ ਦੇ ਰੋੜੇ
ਪਰ੍ਹੇ ਹਟਾਉਂਦਾ
ਰੁੱਖਾਂ ਦੇ ਨਾਲ,
ਦਰਦ ਵੰਡਾਉਂਦਾ
ਵਾਂਗ ਭਰਾਵਾਂ ਛਾਵੇਂ ਬਹਿਕੇ,
ਹਮਦਰਦੀ ਤੇ ਪਿਆਰ ਜਤਾਉਂਦਾ
ਤਰਜਿਆ ਚੱਲ
ਤੂੰ ਤੁਰਿਆ ਚੱਲ
ਨਿਰਭਉ ਹੋ ਕੇ ਤੁਰਿਆ ਚੱਲ
ਕੋਇਲ ਦੇ ਮਿੱਠੇ,
ਗੀਤ ਤੂੰ ਸੁਣਦਾ,
ਘੁੱਗੀਆਂ ਦੀ ਤੂੰ
ਘੂੰ ਘੂੰ ਸੁਣਦਾ
ਨਾਲ ਹਵਾ ਦੇ ਫਸਲਾਂ ਝੂੰਮਣ
ਹੇਕਾ ਲਾ ਕੇ ਹੀਰ ਸੁਣਾਉਂਦਾ
ਤੁਰਿਆ ਚੱਲ
ਤੂੰ ਤੁਰਿਆ ਚੱਲ
ਨਿਰਭਉ ਹੋ ਕੇ ਤੁਰਿਆ ਚੱਲ।
ਰਾਹ ਵਿਚ ਬਿਰਮੀਆ
ਨਾਗ ਡਰਾਉਣੇ,

ਚੀਤੇ ਸ਼ੇਰ
ਬਘਿਆੜ ਵੀ ਆਉਣੇ,
ਆਲ੍ਹਣਿਆਂ ਵਿਚ ਬੋਟ ਪਏ ਨੇ
ਸ਼ਿਕਰਿਆਂ ਕੋਲੋਂ ਬੋਟ ਬਚਾਉਂਦਾ,
ਤੁਰਿਆ ਚੱਲ
ਤੂੰ ਤੁਰਿਆ ਚੱਲ
ਨਿਰਭਉ ਹੋ ਕੇ ਤੁਰਿਆ ਚੱਲ।
ਮਨੁੱਖ ਦੇ ਮਨੁੱਖ
ਜਾਲਮ ਹੱਤਿਆਰੇ,
ਜੋਟੀਦਾਰ ਇੱਕਠੇ ਕਰਕੇ
ਤੇਲ ਦੇ ਪਿਛੇ ਖੂਨੀ ਕਾਰੇ,
ਕਿੰਨੇ ਮਾਨਵ ਕੋਹ ਕੋਹ ਮਾਰੇ,
ਤੈਂ ਕੀ ਦਰਦ ਨਾ ਆਇਆ ਕਹਿਕੇ
ਰੱਬ ਨੂੰ ਤਾਨੇ ਮੇਹਣੇ ਲਾਉਂਦਾ
ਤੁਰਿਆ ਚੱਲ
ਤੂੰ ਤੁਰਿਆ ਚੱਲ
ਨਿਰਭਉ ਹੋ ਕੇ ਤੁਰਿਆ ਚੱਲ।
ਉੱਤਰ ਦੱਖਣ ਪੂਰਬ
ਗਾਹ ਦੇ
ਪੱਛਮ ਦਾ ਇਕ,
ਗੇੜਾ ਲਾ ਦੇ
ਮਨ ਹਾਲੀਂ ਕਿਰਸਾਨੀ ਕਰਨੀ
ਨੇਤਰ ਸਭ ਦੇ ਕੰਨੀ ਪਾਉਂਦਾ
ਤੁਰਿਆ ਚੱਲ
ਤੂੰ ਤੁਰਿਆ ਚੱਲ
ਨਿਰਭਉ ਹੋ ਕੇ ਤੁਰਿਆ ਚੱਲ।

ਕਵਿਤਾ, ਸ਼ੈਤਾਨ

ਐਹ ਮਨੁੱਖ
ਤੂੰ ਕਈ ਸਦੀਆਂ ਤੋਂ
ਸ਼ੈਤਾਨ ਬਣਦਾ ਆ ਰਿਹਾ
ਜੰਗਾਂ ਦੇ ਬਹਾਨੇ ਲੱਭਦਾ
ਪਰ ਉਪਰੋਂ ਤੂੰ ਸੋਹਲੇ
ਸ਼ਾਂਤੀ ਦੇ ਗਾ ਰਿਹਾ--

ਅੰਦਰੋਂ ਤੂੰ ਕਪਟੀ
ਤੂੰ ਦੰਬੀ ਤੂੰ ਹੰਕਾਰੀ
ਜ਼ਾਲਮ ਬਣ ਮਨੁੱਖਤਾ ਦਾ
ਘਾਣ ਕਰਦਾ ਆ ਰਿਹਾ----

ਕਬੀਲਿਆਂ ਵਿਚ ਵੰਡੇ ਲੋਕ
ਕੋਈ ਦੁੱਖ ਨਾ ਹੋਇਆ
ਜਾਤਾਂ ਧਰਮਾਂ ਵਿਚ ਵੰਡ ਕੇ
ਦਿਲਾਂ ਵਿਚ ਫਰਕ ਪਾ ਰਿਹਾ----

ਜੰਗਲਾਂ ਦੇ ਜੰਗਲ
ਵੱਢ ਕੇ ਮੈਦਾਨ ਕੀਤੇ
ਆਹ ਕੱਲਾ ਖੜਾ ਰੁੱਖ ਵੱਢ
ਆਹਲਣਾ ਤੂੰ ਢਾਹ ਰਿਹਾ--

ਖੇਡਣ ਨਾ ਦਿੱਤਾ ਬਾਲ
ਪਿੰਡੇ ਨੂੰ ਨਾ ਮਿੱਟੀ ਲਗੀ
ਨੇਤਰ ਪੜਨ ਸਕੂਲੇ
ਅੰਗਰੇਜੀ ਵਿਚ ਪਾ ਰਿਹਾ

ਕਵਿਤਾ

ਜਾਂ ਮੈਂ ਲਿਖਦਾ ਰਹਾਂ
ਜਾਂ ਮੈਂ ਪੜ੍ਹਦਾ ਰਹਾਂ
'ਤੇ ਮੈਂ ਲੋਕਾਂ ਦੇ
ਹੱਕਾਂ ਲਈ ਲੜਦਾ ਰਹਾਂ
ਬੱਸ ਇਹੋ ਮੇਰੇ ਉਪਹਾਰ ਹੋਣ
ਮੈਂ ਮੰਜ਼ਿਲਾ ਸਰ ਕਰਦਾ ਰਹਾਂ

ਜ਼ਰਵਾਣਿਆਂ ਨਾਲ ਲੜਨਾ
ਪਹਾੜ ਨਾਲ ਮੱਥਾ ਲਾਉਣਾ
ਹੱਕਾਂ ਦੇ ਲਈ ਜੂਝਣਾ
'ਤੇ ਸੁੱਤਿਆਂ ਨੂੰ ਜਗਾਉਣਾ
ਬੇਖੌਫ ਹੋ ਕੇ ਲੋਕਾਂ ਲਈ
ਮੈਂ ਸੂਲੀ ਤੇ ਚੜ੍ਹਦਾ ਰਹਾਂ
ਬੱਸ ਇਹੋ-----

ਸਿਆਸਤ ਦੀ ਗੰਦੀ ਖੇਡ
ਤੇ ਨਿਜ਼ਾਮ ਨੂੰ ਪੈਣਾ ਬਦਲਣਾ
ਸਵੇਰ ਨੂੰ ਪੈਣਾ ਬਦਲਣਾ
ਤੇਸ਼ਾਮਨੂੰ ਪੈਣਾ ਬਦਲਣਾ
ਨਾ ਨਾਦਰ ਕੋਲੋਂ ਡਰਨਾ
ਨਾ ਬਾਬਰ ਕੋਲੋਂ ਡਰਨਾ
ਨੇਰਿਆਂ ਨੂੰ ਦੂਰ ਕਰਨ ਲਈ
ਮੈਂ ਸੂਰਜ ਨੂੰ ਫੜਦਾ ਰਹਾਂ
ਬੱਸ ਇਹੋ ਮੇਰੇ----

ਨੇਤਾ ਠੇਕੇਦਾਰ ਤੇ
ਅਫ਼ਸਰ ਤਿੰਨੇ ਰਲ਼ੇ ਨੇ
ਨੇਤਰ ਜਨਤਾ ਲਈ ਏਹ ਬੁਰੇ ਨੇ
ਪਰ ਆਪਣਿਆਂ ਲਈ ਭਲੇ ਨੇ
ਬਘਿਆੜ ਤੋਂ ਲੇਲਾ ਬਚਾਉਣਾ
ਨਾ ਨਾਗਾਂ ਨੂੰ ਦੁੱਧ ਪਿਲਾਉਣਾ
ਬਘਿਆੜਾਂ ਨੂੰ ਪਿੰਜਰੇ ਪਾ ਕੇ
ਮੈਂ ਨਾਗਾਂ ਦੀਆਂ ਪੂਛਾਂ ਫੜਦਾ ਰਹਾਂ
ਬੱਸ ਇਹੋ ਮੇਰੇ-----

ਪਰਮਜੀਤ ਸਿਹੌੜਾ

ਲਾਲ ਝੰਡਾ

ਲਾਲ ਸਲਾਮ ਤੈਨੂੰ ਰੱਤ ਰੰਗਿਆ
ਝੂਲਦਾ ਰਹੇਂ ਤੂੰ, ਲਾਲ ਝੰਡਿਆ

ਸ਼ਿਕਾਗੋ ਦੇ ਬਾਜਾਰਾਂ ਵਿਚ, ਖੂਨ ਡੁੱਲਿਆ
ਕਿਰਤਾਂ ਤੇ ਸੀ ਉਦੋਂ ਕਹਿਰ ਝੂਲਿਆ
ਕਰਨੀਆਂ ਨੇ ਪੂੰਜੀਆਂ, ਗੁਲਾਮ ਝੰਡਿਆ, ਝੂਲਦਾ ਰਹੇ---

ਖੂਨ ਨਾਲ ਰੰਗਿਆ ਤੈਨੂੰ, ਸ਼ਿਕਾਗੋ ਦੇ ਬਹਾਦਰਾਂ
ਗੋਲੀਆਂ ਦੇ ਅੱਗੇ ਖੜੇ, ਬਣ ਦੇਗੀ ਚਾਦਰਾਂ
ਕਰਾਉਣੀਆਂ ਨੇ ਕਿਰਤਾਂ ਆਜਾਦ ਝੰਡਿਆ, ਝੂਲਦਾ ਰਹੇ---

ਕ੍ਰਿਤਾਂ ਦੀ ਅਗਵਾਈ ਤੈਨੂੰ, ਪੈਂਦੀ ਕਰਨੀ,
ਹੱਕੀ ਜੰਗ ਤੈਨੂੰ ਸਦਾ, ਪੈਂਦੀ ਲੜਨੀ
ਕ੍ਰਿਤਾਂ ਦਾ ਤੂੰ ਸਦਾ ਪਹਿਰੇਦਾਰ ਝੰਡਿਆ, ਝੂਲਦਾ ਰਹੇ---

ਕ੍ਰਿਤਾਂ ਦੇ ਉਤੇ ਤੇਰਾ ਸਦਾ ਹੱਥ ਏ
ਰੁਕਿਆ ਨਹੀਂ ਕੁਰਬਾਨੀਆਂ ਦਾ ਰੱਥ ਏ
ਸਿਹੋੜੇ ਵਾਲੇ ਪਰਮ ਤੇਰਾ ਗੀਤ ਗੰਢਿਆ, ਝੂਲਦਾ ਰਹੇਂ--

ਆਜ਼ਾਦੀ

ਅੱਜ ਆਜਾਦੀ ਦਾ ਦਿਨ ਹੈ
ਇਹ ਖੁਸ਼ੀਆਂ ਦਾ ਦਿਨ ਹੈ
ਇਹ ਹੋਰ ਦਿਨਾਂ ਤੋਂ ਭਿੰਨ ਹੈ

ਆਜਾਦੀ ਨੂੰ ਹਰ ਕੋਈ ਚਾਹੁੰਦਾ
ਪਰ ਕਦਰ ਹੈ ਕੋਈ ਕੋਈ ਪਾਉਂਦਾ
ਸ਼ਹੀਦ ਹੈ ਇਹਨੂੰ ਹਮੇਸ਼ਾਂ ਬਚਾਉਂਦਾ
ਇਹਨੂੰ ਜਣਿਆ ਜਿਨ, ਅੱਜ--

ਆਜਾਦੀ ਖਾਤਰ ਫਾਂਸੀ 'ਤੇ ਚੜਨਾ ਪੈਂਦਾ
ਸਿਰ ਆਪਣੇ 'ਤੇ ਕਫਣ ਧਰਨਾ ਪੈਂਦਾ
ਆਜ਼ਾਦੀ ਲਿਆਉਣ ਵਾਸਤੇ ਲੜਨਾ ਪੈਂਦਾ
ਇਹਨੂੰ ਲਿਆਂਦਾ ਕਿਨ੍ਹ ਹੈ, ਅੱਜ----

ਆਜਾਦੀ ਨਹੀਂ ਐਵੇ ਮਿਲਦੀ
ਹਰ ਕਿਤੇ ਨਹੀਂ ਇਹ ਖਿਲਦੀ
ਬੰਨ੍ਹੀ ਹੋਈ ਨਹੀਂ ਇਹ ਕਿਸ ਦੀ
ਇਹੋ ਇਹਦਾ ਚਿੰਨ ਹੈ, ਅੱਜ------

ਜ਼ੁਕਤ

ਇਕ ਜ਼ੁਕਤ ਬੰਦਿਆਂ ਤੂੰ ਸਿੱਖ ਲੈ, ਜੇ ਦਿਨ ਦੁਨੀਅ ਵਿਚ ਕਟਨੇ ਚਾਰ
ਝੂਠ ਫਰੇਬ ਦੀ ਤੂੰ ਪਰਖ ਕਰ ਲਈਂ, ਇਨ੍ਹਾਂ 'ਤੇ ਨਾ ਕਰੀ ਇਤਬਾਰ
ਝੂਠੇ ਦੀ ਕਾਰ ਝੂਠ ਬੋਲਣਾ, ਕਦੇ ਨਾ ਉਹ ਆਉਂਦਾ ਬਾਜ
ਸਾਰੀ ਦੁਨੀਆਂ ਝੂਠੀ ਲਗਦੀ, ਝੂਠ ਨਾਲ ਹੁੰਦੀ ਉਹਦੀ ਸਾਂਝ
ਆਦਤ ਤੋਂ ਉਹ ਮਜ਼ਬੂਰ ਹੁੰਦਾ, ਨਹੀਂ ਕਿਸੇ ਲਾਲ ਉਹਦਾ ਪਿਆਰ
ਇਕਜ਼ੁਕਤ .. . . .
ਨਾ ਉਹਦਾ ਕੋਇ ਇਮਾਨ ਹੁੰਦਾ, ਨਾ ਕੋਈ ਭੈਣ ਭਰਾ
ਜਿਹਦਾ ਉਹਦੇ ਅੱਗੇ ਆਉਂਦਾ, ਉਨ੍ਹਾਂ ਤੇ ਚਲਾਉਂਦਾ ਦਾਅ
ਕਦੇ ਨਾ ਉਹ ਬਚ ਸਕਦਾ ਜਿਸ 'ਤੇ ਉਹਦਾ ਹੋ ਜਾਵੇ ਵਾਰ
ਇਕਜ਼ੁਕਤ .. . . .

ਝੁੱਕ ਕੇ ਉਹ ਚਟ ਲੈਂਦੇ, ਸ਼ਬਦਾਂ ਦਾ ਜਾਣਦੇ ਹੇਰ ਫੇਰ
ਜਬਾਨ ਜਲਦੀ ਹੁੰਦੀ ਚੰਗੀ, ਖੜੀ ਨੂੰ ਪੈਂਦੇ ਸਭ ਪਾਸੀਂ ਘੇਰ
ਆਦਤ ਤੋਂ ਉਹ ਮਜ਼ਬੂਰ ਹੁੰਦਾ, ਨਹੀਂ ਬਣਿਆ ਕਿਸੇ ਦਾ ਯਾਰ
ਇਕਜ਼ੁਕਤ .. . . .
ਗਿਰਗਟ ਵਾਂਗੂੰ ਰੰਗ ਬਦਲੇ, ਨਿੱਤ ਚੜਦੇ ਛਿਪਦੇ
ਬਣ ਜਾਂਦਾ ਉਹ ਸੁੰਨਮ ਸੁੰਨ, ਭੇਤ ਨਾ ਦਿੰਦਾ ਚਿਤਦੇ
ਪਰਮ ਤੂੰ ਅਸੂਲ ਬਣਾ ਲੈ ਰਹੀਂ ਇਨ੍ਹਾਂ ਕੋਲੋਂ ਸਦਾ ਹੁਸ਼ਿਆਰ।
ਇਕਜ਼ੁਕਤ. . ..

ਕਿਰਤ

ਕਿਰਤ ਨਾਲ ਉਸਾਰੇ, ਮਸਜਿਦ ਮੰਦਿਰ
ਕਿਰਦ ਨਾਲ, ਭਰਦੇ ਅੰਦਰ
ਚੜ ਆਏ ਧਾੜਵੀ, ਗੌਰੀ, ਬਾਬਰ, ਗੋਰਾ
ਰਾਹ ਵਿਚ ਮਰਿਆ ਧਾੜਵੀ ਸਿਕੰਦਰ

ਮੁੰਡੀ

ਖਪਤ ਦੇ ਯੁਗ ਵਿਚ ਅਸੀਂ ਰਹੇ ਖਪਦੇ
ਸੰਸਿਆਂ ਝੋਰਿਆਂ 'ਚ ਰਹੇ ਤਨ ਤਪਦੇ
ਵਿਕਣ ਲਈ ਅਸੀਂ ਆਏ, ਵਿਚ ਮੰਡੀ ਦੇ
ਉਮਰ ਜਿਸਮ ਉਹ, ਰਹੇ ਨੱਪਦੇ

ਪੱਤਝੜ

ਪੱਤਝੜ ਕੀ ਜਾਣੇ, ਸਾਰ ਬਹਾਰਾਂ ਦੀ
ਬੇਕਦਰ ਕੀ ਜਾਣਨ, ਕਦਰ ਪਿਆਰਾਂ ਦੀ
ਪੱਕਰ ਨਾ ਜਾਣਦੇ, ਕੋਮਲ ਭਾਵਾਂ ਨੂੰ
ਪਰਮ ਦੁਨੀਆਂ ਬਹੁਰੰਗੀ, ਪਿਆਰਾਂ ਧਾੜਾਂ ਦੀ

ਬਾਬੂ ਸਿੰਘ ਚੌਹਾਨ

ਗੀਤ

ਯਾਦਾਂ ਦੀ ਚੰਗੇਰ ਦੇ ਵਿਚੋਂ, ਜਿੰਦੇ ਮੇਰੀਏ, ਲਿਖਾਂ ਕੀ ਕੀ।
ਉਦੋਂ ਮੇਰੀ ਭੁੱਬ ਨਿਕਲੇ, ਜਦੋਂ ਰੋਂਦੀ ਏ ਕਿਸੇ ਦੀ ਧੀ

ਪੇਕੇ ਘਰ ਜੰਮ ਪਲ ਧੀਆਂ ਰਾਣੀਆਂ
ਪਤਾ ਨਹੀਂ ਕੇਹੜੇ ਵਰ ਘਰ ਜਾਣੀਆਂ
ਮਹਿੰਦੀ ਵਾਲੇ ਹੱਥਾਂ ਤੇ ਉੱਤੇ, ਲਿਖੀ ਕਿਸਮਤ ਕੁੜੀਆਂ ਦੀ

ਸੌਖੇ ਨਹੀਂ, ਅੱਜ ਕੱਲ੍ਹ ਵਿਆਹ ਕਰਨੇ।
ਦਾਜ ਦਿਆਂ ਭੁੱਖਿਆਂ ਦੇ ਢਿੱਡ ਭਰਨੇ
ਮੁੰਡਿਆਂ ਦਾ ਮੁੱਲ ਮੰਗਦੈ, ਲਈ ਏ ਸ਼ਰਮ ਘੋਲ ਕੇ ਪੀ–

ਸੱਸ ਸਹੁਰਾ, ਸਾਂਈ, ਨੱਕ ਬੁੱਲ ਚਾੜ੍ਹਦੇ
ਮਾਪੇ ਧੀ ਦੇ ਹੰਝੂਆਂ ਦਾ ਮੁੱਲ ਤਾਰਦੇ
ਕੌਣ ਕਹੈ ਭੈੜੀ ਸੱਸ ਨੂੰ, ਤੂੰ ਵੀ ਤਾਂ ਕਿਸੇ ਦੀ ਧੀ ਸੀ

ਰੱਖੜੀ ਦੀ ਤੰਦ ਮਾਂ ਦੀਆਂ ਆਂਦਰਾਂ
ਹੋ ਜਾਣ ਨਾ ਅਲੋਪ ਚਿੜੀਆਂ ਦੇ ਵਾਂਗਰਾਂ
ਆਈ ਏ ਸ਼ਾਮਤ ਧੀਆਂ ਦੀ, ਤਾਂ ਹੀ ਜੰਮਣ ਤੋਂ ਪਹਿਲਾਂ ਹੀ

ਸਹੁਰੇ ਘਰ ਕੋਈ ਐਵੇਂ ਨਹੀ ਮਰਦੀ
ਐਵੇ ਨਹੀਂ ਕੋਈ, ਖੁਦਕਸ਼ੀ ਕਰਦੀ
ਚੰਦਰੀ ਦੁਨੀਆਂ ਵਿਚ ਨਹੀਂ ਲੱਗਦਾ ਚੌਹਾਨ ਜੀਓ ਜੀ
ਯਾਦਾਂ ਦੀ ਚੰਗੇਰ ਦੇ ਵਿਚੋਂ ਜਿੰਦੇ ਮੇਰੀਏ ਲਿਖਾਂ ਕੀ ਕੀ।

ਤਿਤਲੀ

ਤਿਤਲੀਏ ਨੀ ਤਿਤਲੀਏ
ਰੰਗਦਾਰ ਚਿਤਲੀ ਮਿਤਲੀਏ
ਤੇਰੇ ਪਰਾਂ 'ਤੇ ਫੁੱਲਾਂ ਨੇ
ਰੰਗਾਂ ਦੇ ਪਾਏ ਲਹਿਰੀਏ

ਫੁੱਲਾਂ 'ਤੇ ਫੁੱਲ-ਫੁੱਲ ਬਹਿੰਦੀਏ
ਕਲੀਆਂ 'ਤੇ ਹੂਟੇ ਲੈਂਦੀਏ
ਖੁਸ਼ੀਆਂ ਦੇ ਬਾਗੀ ਰਹਿੰਦੀਏ
ਮਹਿਕਾਂ ਨਜ਼ਾਰੇ ਲੈਂਦੀਏ
ਫੁੱਲ ਦੀ ਪੱਤੀ ਤੋਂ ਹੌਲੀਏ
ਗੰਢੇ ਦੀ ਛਿੱਲ ਤੋਂ ਪਤਲੀਏ
ਤਿਤਲੀਏ ਨੀ ਤਿਤਲੀਏ

ਟਿਮਕਣੀ ਨੀ ਟਿਮਕਣੇ
ਤੇਰੇ ਪਰਾਂ 'ਤੇ ਦਮਕਣੇ
ਲਿਸ਼ਕਣੇ ਨੀ ਲਿਸ਼ਕਣੇ
ਰੰਗ ਬਣ ਕੇ ਚਮਕਣੇ
ਸੱਤ ਰੰਗੀ ਪੀਂਘ ਜਿਹੀ,
ਸਾਵੀ, ਸੁਨਹਿਰੀ ਪਿਤਲੀਏ।
ਤਿਤਲੀਏ ਨੀ ਤਿਤਲੀਏ

ਫੁੱਲਾਂ ਦੀ ਕਰਦੀ ਭਾਲ ਤੂੰ।
ਉਡਦੀ ਹਵਾਂ ਦੇ ਨਾਲ ਤੂੰ
ਬਹਿੰਦੀ ਨਾ ਸੱਖਣੀ ਡਾਲ ਤੂੰ
ਰੰਗਾਂ 'ਚ ਮਾਲਾ ਮਾਲ਼ ਤੂੰ

ਹੋਵੇ ਪਰਾਗਣ ਫੁੱਲਾਂ ਦਾ,
ਮਹਿਕਾਂ ਬਖੇਰਨ ਨਿਕਲੀਏ
ਤਿਤਲੀਏ ਨੀ ਤਿਤਲੀਏ

ਘੁੰਮਦੀਏ ਭੰਬੀਰੀਏ
ਨੀ ਸੋਹਣੀਏ ਨੀ ਹੀਰੀਏ
ਚਾਦੀ ਦੀਏ ਤੰਦਰੀਏ
ਸੋਨੇ ਦੀਏ ਜੰਜੀਰੀਏ
ਰੰਗਾਂ ਸੁਗੰਧਾ ਡੋਰੀਏ
ਕੱਤਦੀ ਰਹੇਂ ਨੀ ਤੱਕਲੀਏ
ਤਿਤਲੀਏ ਨੀ ਤਿਤਲੀਏ

ਕੱਢਣੀਆਂ ਫੁਲਕਾਰੀਆਂ
ਤੈਥੋਂ ਹੀ ਸਿੱਖੀਆਂ ਸਾਰੀਆਂ
ਮੁਟਿਆਰ ਕੁੜੀਆਂ ਕੁਆਰੀਆਂ
ਸੱਜ ਵਿਆਹੀਆਂ ਨਾਰੀਆਂ
ਸਾਰੇ ਲਲਾਰੀ ਤੇਰੀਆਂ
ਨਕਲਾਂ ਉਤਾਰਨ ਨਕਲੀਏ
ਤਿਤਲੀਏ ਨੀ ਤਿਤਲੀਏ

ਜਾਣੀਏ ਪਹਿਚਾਣੀਏ
ਜੀਵੇਂ ਫੁੱਲਾਂ ਦੀ ਰਾਣੀਏ
ਤੇਰਾ ਸੁਹੱਪਣ ਮਾਣੀਏ
ਮਹਿਕਾਂ ਹਵਾਂ 'ਚੋਂ ਛਾਣੀਏ
ਕਵੀ ਮਨ ਚੌਹਾਨ ਜਿਹੇ,
ਕਲੀਆਂ 'ਤੇ ਫੁੱਲ ਨਾ ਮਸਲੀਏ
ਤਿਤਲੀਏ ਨੀ ਤਿਤਲੀਏ।

ਗੀਤ

ਮੈਂ ਲਿਖਾਂ ਮੈਂ ਗੀਤ ਲਿਖਾਂ
ਵਿਛੜੇ ਮਿਲਣ ਤਾਂ ਗੀਤ ਲਿਖਾਂ
ਪਰਤੇ ਅਮਨ ਤਾਂ ਗੀਤ ਲਿਖਾਂ
ਮੈਂ ਗੀਤ ਲਿਖਾਂ ਮੈਂ ਗੀਤ ਲਿਖਾਂ

ਮੈਂ ਟਿਕਟ ਲਵਾਂ ਨਨਕਾਣੇ ਦਾ
ਉਹ ਟਿਕਟ ਲੈਣ ਲੁਧਿਆਣੇ ਦਾ
ਤੂੰ ਕੌਣ ਏ? ਕਿਥੋਂ ਆਇਆ ਏ?
ਪੁੱਛੇ ਨਾ ਮੁਨਸ਼ੀ ਥਾਣੇ ਦਾ
'ਵਾਹਗਾ' ਸਰਹੱਦ ਤੇ ਮੁੱਕ ਜਾਵੇ
ਸਭ ਝੰਜਟ ਆਉਣੇ ਜਾਣੇ ਦਾ
ਏਧਰ ਓਧਰ ਸਭ ਭੁੱਲ ਜਾਈਏ,
ਸਿਰਨਾਵਾਂ ਦੇਸ਼ ਪੁਰਾਣੇ ਦਾ
ਉਹ ਫੇਰ ਆਪਣਿਆਂ ਦੇ ਵਾਗੂੰ
ਜੇ ਖਤ ਲਿਖਣ ਤਾਂ ਗੀਤ ਲਿਖਾਂ
ਅਸੀਂ ਵਿਛੜਕੇ ਕਿਉਂ ਰੋਏ ਹਾਂ
ਜੇ ਸਬਕ ਸਿੱਖਣ ਤਾਂ ਗੀਤ ਲਿਖਾਂ

ਪੰਜਾਬ ਹੈ ਪੰਜ ਦਰਿਆਵਾਂ ਦਾ
ਸਭ ਧਰਮਾਂ ਧਰਮ ਭਰਾਵਾਂ ਦਾ
ਪੂਰਨ ਵਰਗਿਆਂ ਪੁੱਤਰਾਂ ਦਾ
ਇੱਛਰਾਂ ਵਰਗੀਆਂ ਮਾਵਾਂ ਦਾ

ਇਹ ਰਾਮ ਮੁਹੰਮਦ, ਸਿੰਘਾਂ ਦਾ
ਸਾਡਾ ਰਿਸ਼ਤਾਂ ਭਾਵੁਕ ਨਾਵਾਂ ਦਾ
ਸਾਨੂੰ ਦੋ ਦੇਸ਼ਾਂ ਵਿਚ ਵੰਡ ਗਿਆ
ਹੈ ਕਾਤਲ ਸਾਡੇ ਚਾਵਾਂ ਦਾ।

ਹੁਣ ਲੀਡਰ ਦੋਵੇਂ ਦੇਸ਼ਾਂ ਦੇ
ਵਾਅਦੇ ਪਾਲਣ ਤਾਂ ਗੀਤ ਲਿਖਾਂ
ਨਾ ਹੋਵੇ ਘਾਣ ਮਨੁੱਖਤਾ ਦਾ
ਜੰਗਾਂ ਟਾਲਣ ਤਾਂ ਗੀਤ ਲਿਖਾਂ

ਉਹ ਯਾਦਾਂ ਖੇਡ ਮੈਦਾਨ ਦੀਆਂ
ਖੇਡਾਂ ਵਿਚ ਆਪਣੀ ਸ਼ਾਨ ਦੀਆਂ
ਯਾਦਾਂ ਕੋਇਟਾ, ਕਲਕੱਤਾ
ਪਹਿਲੇ ਹਿੰਦੁਸਤਾਨ ਦੀਆਂ,
ਖਿੱਦੋ ਖੁੰਡੀ ਤੋਂ ਹਾਕੀ ਤੱਕ
ਯਾਦਾਂ ਜਿੱਤੇ ਜਹਾਨ ਦੀਆਂ
ਗਾਮੇ, ਗੁੰਗੇ ਲਾਲ ਘੁਲ੍ਹਣ ਦੀਆਂ
ਕਿੱਕਰ ਸਿੰਘ ਪਹਿਲਵਾਨ ਦੀਆਂ
ਜੇ ਆਰ ਪਾਰ ਦੇ ਪਹਿਲਵਾਨ
ਫਿਰ ਘੋਲ੍ਹ ਘੁਲਣ ਤਾਂ ਗੀਤ ਲਿਖਾਂ
ਕ੍ਰਿਕਟ, ਕਬੱਡੀ ਤੇ ਹਾਕੀ ਦੇ
ਨਾ ਮੇਚ ਭੁੱਲਣ ਤਾਂ ਗੀਤ ਲਿਖਾਂ

ਨਿਖਰੀ ਨਿਖਰੀ ਪ੍ਰਭਾਤ ਜਿਹਾ
ਰਿਮ ਝਿਮ ਵਰਦੀ ਬਦਲੀ ਵਰਗਾ,
ਸਾਵਣ ਦੀ ਸ਼ੁੱਭ ਬਰਸਾਤ ਜਿਹਾ

ਇਤਰਾਂ ਦੇ ਵਗਦੇ ਚੋਅ ਵਰਗਾ
ਬਦਲੀ ਰੁੱਤ ਦੀ ਸੌਗਾਤ ਜਿਹਾ
ਉੱਡਦੇ ਹੋਏ ਭੌਰ ਦੀ ਗੂੰਜ ਜਿਹਾ
ਖਿੜੀ ਹੋਈ ਕਾਇਨਾਤ ਜਿਹਾ
ਉਰਵਾਰ ਪਾਰ ਖੁਸ਼ਬੂ ਵਾਲੇ,
ਜੇ ਫੁੱਲ ਖਿੜਨ ਤਾਂ ਗੀਤ ਲਿਖਾਂ
ਅਦਬੀ ਸ਼ਾਇਰੀ ਤੇ ਗਾਇਕੀ ਦੇ
ਚਰਚੇ ਛਿੜਨ ਤਾਂ ਗੀਤ ਲਿਖਾਂ
ਵੰਝਲੀ ਦੀ ਸੁਰੀਲੀ ਹੂਕ ਜਿਹਾ
ਘਨ ਘੋਰ ਹਵਾਵਾਂ ਦੇ ਮੂਹਰੇ
ਮੂੰਹ ਜੋਰ ਹਵਾ ਦੀ ਸ਼ੂਕ ਜਿਹਾ
ਅੰਬੀ ਦੇ ਬੂਰ ਦੀ ਮਹਿਕ ਜਿਹਾ
ਕੋਇਲ ਦੀ ਸੁਰੀਲੀ ਹੂਕ ਜਿਹਾ
ਕਿਸੇ ਵੀ ਸਮੇਂ ਅਣਭੋਲ ਉਹ
ਘਰ ਆਉਣ ਸੱਜਣ ਤਾਂ ਗੀਤ ਲਿਖਾਂ
ਚੌਹਾਨ ਸਾਡੀਆਂ ਸਾਂਝਾਂ ਦੇ
ਜੱਗ ਢੋਲ ਵੱਜਣ ਤਾਂ ਗੀਤ ਲਿਖਾਂ
ਮੈਂ ਗੀਤ ਲਿਖਾਂ ਮੈਂ ਗੀਤ ਲਿਖਾਂ॥

ਮਾਂ

ਭੁੱਖ ਲੱਗੇ ਤਾਂ ਮਾਂ ਮਾਂ ਆਖੇ
ਦੁੱਖ ਵਿਚ ਹਾਏ ! ਹਾਏ! ਮਾਂ
ਮਮਤਾ ਦਾ ਭਰ ਵਗਦਾ ਦਰਿਆ,
ਮਾਂ ਇਕ ਅੱਖਰਾ ਨਾ।

ਜਿਸਨੇ ਤੇਰੀ ਸਿਰਜੀ ਕਾਇਆ
ਸੀਨੇ ਲਾ ਕੇ ਦੁੱਧ ਚੰਘਾਇਆ
ਨਿੱਘੀ ਗੋਦੀ ਲਾਡ ਲਡਾਇਆ
ਲੋਰੀ ਦੇ ਕੇ ਘੂਕ ਸੁਲਾਇਆ
ਵੇਖ ਖੁਸ਼ੀ ਵਿਚ ਖੀਵੀ ਹੋਈ,
ਉਡਦੀ ਬਾਂਝ ਪਰਾਂ।

ਆਪ ਲਏ ਪੰਛੀਆਂ ਦਾ ਮੂੜ੍ਹਾ।
ਤੇਰੇ ਖਾਤਰ ਲਾਲ ਪੰਗੂੜਾ
ਵੇਖ ਵੇਖ ਕੇ ਠਰੇ ਜਿਊੜਾ।
ਮਾਂ ਦਾ ਰਿਸ਼ਤਾ ਸਭ ਤੋਂ ਗੂੜ੍ਹਾ।
ਸਭ ਰੁੱਖਾਂ ਦੀ ਛਾਂ ਦੇ ਨਾਲੋਂ
ਮਾਂ ਦੀ ਠੰਢੜੀ ਛਾਂ।

ਤੈਨੂੰ ਜੇ ਕੋਈ ਔਕੜ ਆਈ।
ਮਾਂ ਦੀ ਸੋਚ ਗਈ ਪਥਰਾਈ।
ਜਿੰਨਾ ਚਿਰ ਨਾ ਉਹ ਸੁਲਝਾਈ
ਤੇਰੀ ਜੜ੍ਹ ਰਹੀ ਮੁਰਝਾਈ।
ਰਹੇ ਅਸੀਸ ਸਦਾ ਸੰਗ ਮਾਂ ਦੀ।
ਹਰ ਵੇਲੇ ਹਰ ਥਾਂ।

ਜੇ ਪੁੱਤਰ ਪਰਦੇਸ ਸਿਧਾਏ
ਕੋਈ ਭੈੜਾ ਸੁਪਨਾ ਆ ਜਾਏ,।
ਜਿੰਨਾ ਚਿਰ ਉਹ ਮੁੜ ਨਾ ਆਏ
ਨਾ ਕੁਝ ਪੀਵੇ ਨਾ ਕੁਝ ਖਾਏ।
ਚੋਹਾਨ ਕੋਠੇ ਤੇ ਚੂਰੀ ਸੁੱਟਕੇ
ਰਹੇ ਉਡਾਉਂਦੀ ਕਾਂ।

ਮਨ ਦੀ ਬਸਤੀ

ਉਠ ਸਵੇਰੇ ਤੜਕੇ ਤੜਕੇ
ਸੈਰ ਕਰਦਿਆਂ ਸੜਕੇ ਸੜਕੇ
ਸਮੇਂ ਦੀ ਵੇਦਨ ਲਿਖਦਾਂ ਹਾਂ
ਉਡਦੇ ਸ਼ਬਦ ਹਵਾਂ 'ਚੋਂ ਫੜ ਕੇ
ਪਾਣੀ ਦੀ ਟੈਂਕੀ ਤੇ ਚੜ੍ਹਕੇ
ਆਤਮ ਹੱਤਿਆ ਕਰ ਲਈ ਸੜ ਕੇ
ਬੇ-ਰੁਜ਼ਗਾਰ ਪੰਜਾਬਣ ਧੀਏ
ਕੀ ਖੱਟਿਆ ਤੂੰ ਏਨਾ ਪੜ੍ਹ ਕੇ
ਕੋਈ ਰੋਵੇ ਅੰਦਰ ਵੜ ਕੇ
ਕੋਈ ਕੂਕੇ ਕੋਠੇ ਚੜ੍ਹ ਕੇ
ਨੇਤਾ ਦੀ ਅਰਥੀ ਫੂਕੀ ਹੈ
ਅੱਜ ਮਜ਼ਦੂਰ ਚੌਂਕ ਵਿਚ ਖੜਕੇ
ਇਹ ਕਿਸੇ ਅਬਲਾ ਦੇ ਅੱਥਰੂ
ਜਿਸ ਦੀ ਪੀੜਾ ਸੰਗ ਦਿਲ ਧੜਕੇ
ਮਨ ਦੀ ਬਸਤੀ ਔੜਾਂ ਮਾਰੀ
ਬੱਦਲ ਗਰਜੇ ਬਿਜਲੀ ਕੜਕੇ
ਉਸ ਦੇ ਦਿਲ ਦੀ ਪੀੜ ਲਿਖੀ ਹੈ,
ਮੁੱਖ ਤੇ ਲਿਖੀ ਅਬਾਰਤ ਪੜ੍ਹ ਕੇ
ਜੋ ਹਵਾ ਵਿਚ ਉਡਦੇ ਫਿਰਦੇ
ਕੀਟ ਪਤੰਗਾਂ ਮਰਨਾ ਸੜਨਾ ਕੇ।
ਬੰਦਿਆ ਰਮਜ਼ ਪਛਾਣੀ ਨਾ ਤੂੰ
ਬੁਝਣ ਸਮੇਂ ਕਿਉਂ ਦੀਵਾ ਭੜਕੇ
ਉਹਨੂੰ ਐਵੇ ਭਰਮ ਜਿਹਾ ਏ,
ਰੱਬ ਭੁੱਲ ਗਿਆ ਉਸਨੂੰ ਪੜ੍ਹ ਕੇ
ਮੈਂ ਚੌਹਾਨ ਉਨ੍ਹਾਂ ਵਿਚੋਂ ਹਾਂ, ਜੋ ਹੱਕ ਲੈ ਲੈਦੇ ਨੇ ਲੜਕੇ।

ਬਦਲੇਵ ਸਿੰਘ ਝੱਜ

ਪ੍ਰਦੂਸ਼ਣ

ਕੁਝ ਰਸਤੇ ਧੂੜਾਂ ਵਾਲੇ
ਕੁਝ ਸੜਕਾਂ 'ਚ ਘਾਲੇ ਮਾਲੇ।
ਕੁਝ ਵਾਹਣ ਚੱਲਣ ਪੁਰਾਣੇ।
ਕੁਝ ਚਾਲਕ ਵੀ ਅਨਜਾਣੇ।
ਤੰਗ ਸੜਕਾਂ ਤੇ ਗਲ਼ੀਆਂ।
ਕੁੱਤੀਆਂ ਚੋਰਾਂ ਦੇ ਨਾਲ ਰਲ਼ੀਆਂ।
ਕਈਆਂ ਕਬਜ਼ੇ ਨਾਜਾਇਜ਼ ਕੀਤੇ।
ਅਧਿਕਾਰੀ ਬੈਠੇ ਚੁਪ ਚੁਪੀਤੇ।
ਹੋਏ ਕਾਰਖਾਨਿਆਂ 'ਚ ਵਾਧੇ।
ਨਾਲੇ ਟਰੱਕ ਕਾਰਾਂ ਦੀ ਜ਼ਿਆਦੇ।
ਕੁਝ ਤੇਲ ਮਿਲਾਵਟ ਵਾਲੇ।
ਚਿਮਨੀਆਂ ਧੂੰਏ ਸੁੱਟਣ ਕਾਲੇ।
ਕੁਝ ਆਬਾਦੀ ਦਾ ਵਾਧਾ
ਮੁਲਖ਼ ਘੁਣ ਵਾਂਗਰ ਖਾਧਾ
ਕੁਝ ਸਫਾਈ ਦਾ ਘਾਟਾ
ਹੋਏ ਕੂੜੇ ਕਰਕਟ 'ਚ ਵਾਧਾ।
ਨਾ ਤਰਤੀਬ ਨਾਲ ਵਿਕਾਸ
ਨਾ ਗੰਦੇ ਪਾਣੀ ਦਾ ਨਿਕਾਸ
ਕੁਝ ਬ੍ਰਿਛਾ ਦਾ ਘਟਾਅ
ਕੁਝ ਜ਼ਹਿਰਾਂ ਦਾ ਛਿੜਕਾਅ।
ਪੀਣ ਲਈ ਵੀ ਦੂਸ਼ਿਤ ਪਾਣੀ
ਸ਼ੁੱਧ ਹਵਾ ਕਿਸੇ ਨਾ ਮਾਣੀ
ਜ਼ਹਿਰ ਘੁਲੀ ਫਿਜ਼ਾ 'ਚ ਸਾਰੇ

ਸਾਹ ਰੋਗ ਨੇ ਕਿੰਨੇ ਮਾਰੇ।
ਪ੍ਰਦੂਸ਼ਣ-ਪ੍ਰਦੂਸ਼ਣ ਇਸ ਨੂੰ ਕਹਿਣ
ਮਾਰ ਇਸਦੀ ਸਾਰੇ ਸਹਿਣ
ਇਸ ਤੋਂ ਬਚਿਆ ਜਾਏ, ਨਿਸੰਗ।
ਅੱਜ ਸਮੇਂ ਦੀ ਇਹੋ ਮੰਗ।

ਦੀਦਾਰ ਦੀ ਤਾਂਘ

ਹਰ ਸਾਲ ਨਾਲ ਕਰਾਂ ਅਰਜੋਈ,
ਜੇ ਵਿਛੜੀ ਮਾਂ ਨੂੰ ਮਿਲਾਵੇ ਕੋਈ।

ਜ਼ਿੰਦਗੀ ਭਰ ਭੁਲਾ ਸਕਦਾ ਨਾ,
ਜੋ ਮੈਥੋਂ ਅਧਵਾਟੇ ਹੀ ਖੋਈ

ਏਸ ਦੀ ਭੋਰਾ ਝਿਜਕ ਨਾ ਮੈਨੂੰ,
ਮੈਥੋਂ ਸਾਰੀ ਉਮਰ ਕਰਾਵੇ ਢੋਈ।

ਸਭ ਕੁਝ ਉਸ ਦੀ ਝੋਲੀ ਪਾਵਾਂ,
ਜਿੰਦ ਵੀ ਉਸਨੂੰ ਅਰਪਤ ਹੋਈ

ਇਕ ਉਸਦੇ ਦੀਦਾਰ ਦੇ ਬਦਲੇ,
ਜੋ ਵੀ ਕਹੇ ਕਰਾਂ ਮੈਂ ਸੋਈ

ਸਭ ਤੋਂ ਵੱਡਾ ਦੁੱਖ ਇਹ ਮੈਨੂੰ
ਏਸ ਤੋਂ ਵੱਡਾ ਦੁੱਖ ਨਾ ਕੋਈ।

ਰੋਵਾਂ ਦੇ ਕੁਰਲਾਵਾਂ ਹਰ ਦਮ,
ਮਾਂ ਤੂੰ ਕਿਉਂ ਪ੍ਰਦੇਸਣ ਹੋਈ।

ਝੱਲੀ ਨਾ ਜਾਵੇ ਜੁਦਾਈ ਤੇਰੀ,
ਤੂੰ ਕਿਹੜੇ ਰਾਹਾਂ ਦੀ ਪਾਂਧਣ ਹੋਈ।

ਤੇਰੇ ਰਾਹਾਂ ਨੂੰ ਤੱਕਦਾ ਰਹਾਂ
ਮਨ 'ਚ ਤਾਂਘ ਦੀਦਾਰ ਦੀ ਹੋਈ।

ਅੱਖੋਂ ਪਰੇ ਅੰਬਰਾਂ 'ਚ ਵਾਸ
ਪੁੱਛਾਂ ਮੈਂ ਰੱਬ ਨੂੰ ਕਿਥੇ ਹੈ ਲੁਕੋਈ।

ਨੂੰਹ ਧੀ ਤੇ ਸੱਸ

ਉਹ ਜ਼ਿੰਦਗੀ ਕਾਹਦੀ ਜ਼ਿੰਦਗੀ,
ਜੋ ਰਹੇ ਹਮੇਸ਼ਾਂ ਤਣ ਕੇ

ਨੂਹ ਧੀ ਵਿਚ ਫ਼ਰਕ ਨਾ ਕੋਈ,
ਜੇ ਰਹੇ ਸੱਸ ਮਾਂ ਬਣਕੇ।

ਧੀ ਤੋਂ ਨੂੰਹ ਤੇ ਨੂੰਹ ਤੋਂ ਸੱਸ,
ਹਨ ਇਕੋ ਮਾਲਾ ਦੇ ਮਣਕੇ।

ਨੂੰਹ ਵੀ ਆਪਦਾ ਫਰਜ ਪਛਾਣੇ,
ਇਹ ਰਹੇ ਹਮੇਸ਼ਾਂ ਰਲ ਕੇ।

ਪ੍ਰਦੇਸੀ

ਦੋ ਟਕੇ ਕਮਾਵਣ ਲਈ,
ਛੱਡ ਦੇਸ ਗਿਆ ਪ੍ਰਦੇਸ।
ਇਸ ਜਿੰਦ ਨਿਮਾਣੀ ਨੇ,
ਝੱਟ ਵਟਾ ਲਿਆ ਭੇਸ।

ਲਾਡ ਪਿਆਰ ਮਾਪਿਆਂ ਦਾ,
ਹੋਈ ਸੁਫ਼ਨੇ ਨਿਆਈ ਖੇਲ੍ਹ।
ਅੱਜ ਦੇ ਵਿਛੜਿਆਂ ਦੇ,
ਕਦੇ ਹੋਣਗੇ ਸਬੱਬੀ ਮੇਲ।

ਸਭ ਭੈਣ ਭਰਾਵਾਂ ਨੂੰ
ਛੱਡ ਭਰੀਆਂ ਨਜ਼ਰਾਂ ਨਾਲ
ਅੰਗ ਸਾਕ ਸਭ ਦੂਰ ਹੋਏ,
ਰਹੀਆਂ ਗੱਲਾਂ ਅੱਖਰਾਂ ਨਾਲ।

ਫਿਰ ਉਹ ਵੀ ਹੱਟ ਗਈਆਂ,
ਹੋਏ ਕਦੇ ਕਦਾਈ ਕਾਲ।
ਦਿਨ ਲੰਘਦੇ ਲੰਘਦਿਆਂ ਤੋਂ
ਲੰਘਣ ਲੱਗ ਪਏ ਸਾਲ

ਫਿਰ ਇਨ੍ਹਾਂ ਰਚ ਮਿਚਿਆ,
ਹੋਰ ਰਿਸ਼ਤੇ ਸਾਰੇ ਭੁੱਲਿਆ
ਮਾਂ ਪਿਓ ਇਧਰ ਤੜਫ਼ ਰਹੇ,
ਮਨ ਕਦੇ ਨਹੀਂ ਭੁੱਲਿਆ

ਦੇਖ ਤੜਕ ਭੜਕ ਪੱਛਮ ਦੀ,
ਸਭਿਅਤਾ ਆਪਣੀ ਭੁੱਲਿਆ
ਪਾਣੀ ਪੀ ਪੀ ਵਿਦੇਸ਼ਾਂ ਦਾ
ਮੋਹ ਮਿੱਟੀ ਦਾ ਵੀ ਭੁੱਲਿਆ

ਹੋ! ਸੰਭਲ ਸੰਭਲ ਜਾ ਵੀਰਾ,
ਕਿਉਂ ਵਿਦੇਸ਼ਾਂ ਵਿਚ ਰੁਲਿਆ।
ਆਪਣੇ ਵਿਰਸੇ ਨੂੰ ਪਹਿਚਾਣ,
ਜੁੜ ਵਤਨੀ, ਕਿਉਂ ਭੁੱਲਿਆ।

ਬਲਬੀਰ ਸਾਹਨੇਵਾਲ

*

ਕਰ ਲੈ ਹੀਲਾ ਸੱਜਣਾ, ਸੋਚ ਸਮਝ ਕੇ ਯਾਰ।
ਦੋਹਾ ਗੱਭਰੂ ਹੋ ਗਿਆ, ਗਜ਼ਲ ਹੋਈ ਮੁਟਿਆਰ।

ਦੋਹਿਆਂ ਦੇ ਵਿਚ ਹੋਂਵਦੇ, ਗਹਿਰੇ-ਗੂੜ੍ਹੇ ਭੇਤ।
ਇਹ ਨ ਪਾਉਣ ਕਹਾਣੀਆਂ, ਹੁੰਦੇ ਹਨ ਸੰਕੇਤ।

ਉੱਗਣਗੇ ਕਈ ਹੋਰ ਵੀ, ਬੀਜ਼ ਮੈਂ ਦਿੱਤੇ, ਕੇਰ।
ਇਹ ਹਨ ਮੇਰੇ ਦੋਹਿਰੇ, ਫੁੱਲਾਂ ਭਰੀ ਚੰਗੇਰ।

ਜਦ ਵੀ ਦੋਹੇ ਸਿਰਜਦਾ, ਦਿਨ ਹੋਵੇ ਜਾਂ ਰਾਤ।
ਉਸੇ ਵੇਲੇ ਉੱਠ ਕੇ, ਚੁੱਕਲਾਂ ਕਲਮ ਦਾਵਤ।

ਲਿਖ ਲਿਖ ਦੋਹੇ ਅਸਾਂ ਨੇ, ਕੱਢਿਆ ਦਿਲੋਂ ਗੁਬਾਰ।
ਕਰੀਆਂ ਰੀਝਾਂ ਪੂਰੀਆਂ, ਮਨ ਤੋਂ ਲਾਹਿਆ ਭਾਰ।

*

ਅਕਸਰ ਲੋਕੀਂ ਪਾਂਵਦੇ, ਨਿੱਤ ਨਵੀਂ ਹੀ ਬਾਤ।
ਕਦੋਂ ਮਿਲੂਗੀ ਅਸਾਂ ਨੂੰ, ਨਿਕੰਮਿਆਂ ਤੋਂ ਨਿਜ਼ਾਤ।

ਹੁਣ ਨਾ ਖੁੱਲ੍ਹ ਕੇ ਬੋਲਦੇ, ਜਨਤਾ ਕੁਲ ਨਰਾਜ਼।
ਉਹੀ ਪੁਰਾਣਾ ਰਾਗ ਹੈ, ਉਹੀ ਪੁਰਾਣੇ ਸਾਜ।

ਜੋ ਕੁਝ ਅੱਜ ਹੈ ਹੋ ਰਿਹਾ, ਮਾੜੇ ਦਿਸਣ ਅਸਾਰ।
ਹੁੰਦੇ ਆਏ ਹੁਣ ਤੱਕ, ਸਿਦਕ ਦੇ ਬੇੜੇ ਪਾਰ।

ਜਿਧਰ ਵੀ ਹਾਂ ਦੇਖਦੇ, ਭੈੜੇ ਹੀ ਹਨ ਹਾਲ।
ਪਸ਼ੂ ਅਵਾਰਾ ਘੁੰਮਦੇ, ਕੁਝ ਨਾ ਸਾਂਭ ਸੰਭਾਲ।

ਫਿਰਦੇ ਸੜਕਾਂ ਨਾਪਦੇ, ਲੱਭੇ ਨਾ ਰੁਜ਼ਗਾਰ।
ਹੋ ਗਈ ਹੱਦ ਸਬਰ ਦੀ, ਦਿੱਤੀ ਡਿਗਰੀ ਪਾੜ।

ਅਜੀਬ ਹੀ ਇਹ ਜ਼ਿੰਦਗੀ, ਅਜ਼ਬ ਹੈ ਇਸ ਦੀ ਸ਼ਾਨ।
ਹੁਣ ਹੁੰਦਾ ਹਰ ਮੋੜ 'ਤੇ, ਸਭ ਦਾ ਇਮਤਿਹਾਨ।

*

ਪਈ ਐ ਸਭ ਨੂੰ ਆਪਣੀ, ਲਵੇ ਨਾ ਕੋਈ ਸਾਰ।
ਕਿਧਰੇ ਪੈਦੇ ਕੀਰਨੇ, ਕੋਈ ਗਾਇ ਮਲਿਹਾਰ।

ਦਿਸੇ ਸੱਚਾਈ ਕਿਤੇ ਨਾ, ਲੋਕ ਰਹੇ ਸਭ ਝੂਰ।
ਚੋਣ ਵਾਅਦਿਆਂ ਨੂੰ ਹੁਣ, ਪਵੇ ਨਾ ਸੱਚ ਦਾ ਬੂਰ।

ਲਾ ਕੇ ਖੰਭ ਹੈ ਉਡ ਗਿਆ, ਸੱਚਾ ਸੁੱਚਾ ਪਿਆਰ।
ਹਰ ਬਸਬਰ ਈ ਨਿਭਾ ਰਿਹਾ, ਅੱਜ ਦੂਹਰਾ ਕਿਰਦਾਰ।

ਬਿਨ੍ਹਾਂ ਸੋਚ ਤੋਂ ਦੌੜ ਨਾ, ਪਹਿਲਾਂ ਬਾਤ ਨੂੰ ਬੁੱਝ।
ਐਵੇਂ ਪਾਣੀ ਰਿੜਕ ਨਾ, ਮਿਲਣਾ ਨਾਹੀ ਕੁੱਝ।

ਉਵੇਂ ਦੀ ਓਵੇਂ ਰਹੀ, ਸਦਾ ਮੇਰੀ ਪਿਆਸ।
ਰਿਹਾ ਸਾਗਰ 'ਤੇ ਬਰਸਦਾ, ਦਿਲ 'ਚ ਰਹਿ ਗਈ ਆਸ।

ਪੀਆ ਗਿਆ ਪ੍ਰਦੇਸ਼ ਨੂੰ, ਕੋਈ ਨ੍ਹੀ ਗ਼ਮਖ਼ਾਰ।
ਭਰ ਭਰ ਹੌਕੇ ਡੁਸਕਦੀ, ਪ੍ਰਦੇਸੀ ਦੀ ਨਾਰ।

*

ਬੇੜੀ ਬਿਨਾਂ ਯਕੀਨ ਦੇ, ਡੁੱਬੇ ਅੱਧ ਵਿਚਕਾਰ।
ਚੱਪੂ ਜੇ ਵਿਸ਼ਵਾਸ ਦੇ, ਤਾਂ ਹੀ ਲੱਗਦੀ ਪਾਰ।

ਨਾਲ ਤਜ਼ਰਬੇ ਪਵੇਗਾ, ਸਮਝ-ਸੂਝ ਦਾ ਮੁੱਲ।
ਸਿਰਫ਼ ਕਿਤਾਬੀ ਗਿਆਨ 'ਤੇ, ਥਾਂ ਥਾਂ ਹੋ ਜੇ ਭੁੱਲ।

ਇਕ ਘਰ ਭੋਗ ਹੈ ਮਰਗ ਦਾ, ਦੂਜੇ ਘਰ ਵਿਆਹ।
ਲਾਗਾ-ਦੇਗਾ ਹੁਣ ਨਹੀਂ, ਸਭ ਦੇ ਵੱਖਰੇ ਰਾਹ।

ਹੁਣ ਹੈ ਯੁਗ ਵਿਗਿਆਨ ਦਾ, ਛੱਡੋ ਵਹਿਮ-ਪਖੰਡ।
ਇਹ ਵਰਤਾਰਾ ਸਮਝ ਕੇ, ਲਓ ਸੋਚ ਨੂੰ ਚੰਡ।

ਗਲ ਬੜੀ ਹੈ ਕੀਮਤੀ, ਕਰ ਲੈ ਸੋਚ ਵਿਚਾਰ।
ਮਿੱਤਰ ਆਪਣਾ ਜਿੱਤ ਨਾ, ਦੁਸ਼ਮਣ ਤੋਂ ਨਾ ਹਾਰ।

ਵਾਂਗ ਫਰਿਸ਼ਤੇ ਲੱਗਦਾ, ਦਿਲ ਦਾ ਜਾਨੀ ਮਿੱਤ।
ਰਹਿੰਦਾ ਉਹਦੇ ਵੱਲ ਹੀ, ਲੱਗਾ ਹਰ ਦਮ ਚਿੱਤ।

*

ਬਣ ਵਿਚ ਆਰਾ-ਰਾਜ ਹੈ, ਕਿਵੇਂ ਬਚਣਗੇ ਰੁੱਖ।
ਸ਼ਹਿਰ 'ਚ ਜੰਗਲ ਰਾਜ ਨੇ, ਖਾ ਲਏ ਸਭ ਮਨੁੱਖ।

ਹੇਠਾਂ ਖਾਦ ਹੈ ਵਿਸ਼ ਭਰੀ, ਜ਼ਹਿਰੀ ਹੈ ਛਿੜਕਾਅ।
ਝਾੜ ਤਾਂ ਦਿਖਦਾ ਖੂਬ ਹੈ, ਪੈਦੀ ਕਿਹੜੇ ਭਾਅ?

ਆਦਮੀ ਦੀ ਕਰਤੂਤ ਨੂੰ ਕਹਿਣ ਰੰਬ ਦੀ ਦਾਤ।
ਦਿੰਨ ਕੰਡਿਆ 'ਤੇ ਲੰਘਦਾ, ਅੰਗਿਆਰਿਆਂ 'ਤੇ ਰਾਤ।

ਮੋਹ ਮੁਹੱਬਤ, ਯਾਰੀਆਂ, ਨਕਲੀ ਨੇ ਸਤਿਕਾਰ
ਦੇਖ ਲਵੀਂ ਹੁਣ ਲੱਭ ਕੇ, ਮਿਲਣ ਨਾ ਬੰਦੇ ਚਾਰ।

ਅੱਜ ਕਿਵੇਂ ਨੇ ਜੱਟ ਦੇ, ਮੁੰਡੇ ਹੋਏ ਸ਼ੌਕੀਨ।
ਕਿੱਲਾ ਕਿੱਲਾ ਵੇਚ ਕੇ ਖਾ ਗਏ ਕੁੱਲ ਜ਼ਮੀਨ।

ਔਰਤ ਬਿਨਾ ਜਹਾਨ ਇਹ ਸੁੰਨਾ ਬੀਆਬਾਨ।
ਘਰ ਵੀ ਔਰਤ ਤੋਂ ਬਿਨਾਂ, ਹੁੰਦਾ ਮਹਿਜ ਮਕਾਨ।

ਲਾਭ ਸਿੰਘ ਬੇਗੋਵਾਲ

ਗ਼ਜ਼ਲ

ਜ਼ਖਮ ਹਿਜ਼ਰ ਦੇ ਐਨੇ ਗਹਿਰੇ ਦਿਲ ਵਿਚ ਦਰਦ ਸਮੋਂ ਨਾ ਹੋਇਆ
ਆਪ ਮੁਹਾਰੇ ਹੰਝੂ ਵਹਿ ਗਏ ਮੈਥੋਂ ਦਰਦ ਲਕੋ ਨਾ ਹੋਇਆ
ਐਰੋ ਐਰ ਮਿਲਦਿਆਂ ਸ਼ਾਮੀ ਕਰ ਇਸ਼ਾਰਾ ਸੱਜਣ ਤੁਰ ਗਏ,
ਆਸਾ ਦੇ ਵਿਚ ਰਾਤ ਗੁਜਾਰੀ ਮੈਥੋਂ ਬੂਹਾ ਢੋ ਨਾ ਹੋਇਆ
ਨਾਲ ਜੀਵਾਂ ਗੇ ਨਾਲ ਮਰਾਂਗੇ ਕਰਦੇ ਰਹੇ ਹਮੇਸ਼ਾਂ ਵਾਅਦੇ
ਠੋਹਕਰ ਇਕ ਲੱਗੀ ਤੋਂ ਬਹਿ ਗਏ ਪਲ ਭਰ ਨਾਲ ਖਲੋ ਨਾ ਹੋਇਆ
ਜਦ ਕਿਸੇ ਵੱਲ ਹੱਥ ਵਧਾਇਆ ਪਿਛੇ ਖਿੱਚ ਲਿਆ ਹੱਥ ਉਸਨੇ
ਏਸੇ ਕਰਕੇ ਮੇਰੇ ਕੋਲੋਂ ਕਦੇ ਕਿਸੇ ਦਾ ਹੋ ਨਾ ਹੋਇਆ।

ਆਪਣਿਆਂ ਨੇ ਹੀ ਤੀਰ ਮਾਰਕੇ ਛਲਣੀ ਕੀਤਾ ਸੀ ਦਿਲ ਮੇਰਾ,
ਚੁਪਕੇ ਚੁਪਕੇ ਦਿਲ ਹੀ ਰੋਇਆ ਪਰ ਅੱਖਾਂ ਤੋਂ ਰੋ ਨਾ ਹੋਇਆ।
ਨਕਾਬ ਚੜ੍ਹਾ ਕੇ ਫਿਰਦੇ ਲੋਕੀ ਆਪਣਾ ਅਸਲ ਛੁਪਾ ਕੇ ਚਿਹਰਾ
ਇਨ੍ਹਾਂ ਫਰਜੀ ਲੋਕਾਂ ਦਾ ਦਿਲ ਮੇਰੇ ਕੋਲੋਂ ਮੋਹ ਨਾ ਹੋਇਆ
ਸਾਰੀ ਉਮਰ ਤਾਂ ਬੀਤ ਗਈ ਹੈ ਕਬਰਾਂ ਵਿਚ ਹੁਣ ਲੱਤਾਂ ਪਈਆਂ
ਅਜੇ ਤਮੰਨਾ ਰੱਖੀਂ ਬੈਠੇ ਇਹ ਨਾ ਹੋਇਆ ਉਹ ਨਾ ਹੋਇਆ।

ਗਜ਼ਲ

ਕੋਈ ਦਰਦ ਅਜਿਹਾ ਹੁੰਦਾ ਹੈ ਰੋ ਕੇ ਸੁਣਾਉਣਾ ਪੈਂਦਾ ਹੈ
ਗਮ ਕੋਈ ਹੁੰਦੈ ਐਸਾ ਵੀ ਜੋ ਹਸ ਕੇ ਛੁਪਾਉਣਾ ਪੈਂਦਾ ਹੈ।
ਜੀਵਨ ਪੰਧ ਵਿਚ ਰਾਹੀ ਕਈ ਐਸੀਆਂ ਯਾਦਾਂ ਦੇ ਜਾਂਦੇ।
ਸਾਰੀ ਉਮਰ ਹੀ ਉਨ੍ਹਾਂ ਦਾ ਦਰਦ ਹੰਢਾਉਣਾ ਪੈਂਦਾ ਏ।
ਕੁਝ ਗੀਤ ਅਜਿਹੇ ਹੁੰਦੇ ਨੇ ਜੋ ਲੋਕਾਂ ਖਾਤਰ ਗਾਈ ਦੇ
ਦਿਲ ਵਿਚਲਾ ਜੋ ਗੀਤ ਕੋਈ ਦਿਲ 'ਚੋਂ ਗਾਉਣਾ ਪੈਂਦਾ ਏ।

ਫੁੱਲਾਂ ਨਾਲੋਂ ਪੱਕੀ ਤਾਂ ਯਾਰੀ ਖਾਰ ਜਤਾਉਂਦੇ ਨੇ
ਦਾਮਨ ਫੜਿਆ ਉਨ੍ਹਾਂ ਤੋਂ ਮਸੀਂ ਛੁਡਾਉਣਾ ਪੈਂਦਾ ਹੈ।
ਮੈਂ ਨੀ ਚਾਹੁੰਦਾ ਦਿਲ ਉਤੋਂ ਹਰ ਇਕ ਦਰਦ ਮਿਟਾ ਦੇਵਾਂ,
ਕੋਈ ਐਸਾ ਦਰਦ ਵੀ ਹੁੰਦਾ ਹੈ ਜੋ ਦਿਲ ਨਾਲ ਲਾਉਣਾ ਪੈਂਦਾ ਹੈ
ਆਉਂਦਾ ਹੈ ਸਕੂਨ ਬੜਾ ਦਿਲਬਰ ਦੇ ਅਫਸਾਨੇ 'ਚੋਂ
ਏਸੇ ਕਰਕੇ ਦਿਲ ਵਿਚ ਉਹ ਨਿੱਤ ਦੁਹਰਾਉਂਦਾ ਪੈਂਦਾ ਹੈ
ਬੁੱਢੀ ਉਮਰੇ ਘਰ ਵਿਚ ਹੀ ਮੈਂ ਪਰਾਇਆ ਹੋ ਗਿਆ ਹਾਂ
ਦਰ ਤੋਂ ਲੰਘਦੇ ਯਾਰਾਂ ਤੋਂ ਮੂੰਹ ਭਵਾਉਣਾ ਪੈਂਦਾ ਹੈ।

ਗਜ਼ਲ

ਦਿਲ ਦੀ ਗੱਲ ਜਦ ਕਰਦਾ ਹਾਂ, ਲੋਕ ਦੀਵਾਨਾ ਕਹਿੰਦੇ ਨੇ।
ਸੁਣਿਆ ਸੀ ਇਸ ਨਗਰੀ ਵਿਚ ਦਿਲ ਵਾਲੇ ਵੀ ਰਹਿੰਦੇ ਨੇ।
ਛੱਡੋ ਆਦਤ ਖਹਿਣੇ ਦੀ ਹਸ਼ਰ ਦੇਖ ਲਓ ਬਾਸਾਂ ਦਾ
ਜੰਗਲ ਹੀ ਜਲ਼ ਜਾਂਦਾ ਹੈ ਆਪਸ ਵਿਚ ਜਦ ਖਹਿੰਦੇ ਨੇ
ਐਵੇ ਨੀਂ ਹੰਕਾਰੀ ਦਾ ਨੀਵਾਂ ਹੋ ਕੇ ਚੱਲੀ ਜਾਹ
ਚਸ਼ਮੇ ਤਦ ਦਰਿਆ ਬਣਦੇ ਜਦ ਨੀਵੇਂ ਵੱਲ ਵਹਿੰਦੇ ਨੇ।
ਕਾਫਿਰ ਮੈਨੂੰ ਕਹਿਣਾ ਤਾਂ ਖਾਸ ਕੋਈ ਇਲਜਾਮ ਨਹੀਂ
ਦੁਨੀਆਂ ਵਾਲੇ ਤਾਂ ਮੈਨੂੰ ਹੋਰ ਬਹੁਤ ਕੁਝ ਕਹਿੰਦੇ ਨੇ
ਸਲਾਮ ਕਰਨ ਦਾ ਵੈਰੀ ਨੂੰ ਜਿਸ ਦੇ ਕੋਲ ਸਲੀਕਾ ਹੈ
ਸਮਾਂ ਪਏ ਤੋਂ ਵੈਰੀ ਵੀ ਉਸ ਦੇ ਪੈਰੀਂ ਢਹਿੰਦੇ ਨੇ।
ਸੱਚ ਦਾ ਸੂਰਜ ਦੁਨੀਆ ਤੇ ਕਦੇ ਕਦਾਈਂ ਚੜ੍ਹਦਾ ਹੈ
ਵਿਚ ਗਗਨ ਦੇ ਤਾਰੇ ਤਾਂ ਨਿੱਤ ਹੀ ਚੜ੍ਹਦੇ ਰਹਿੰਦੇ ਨੇ
ਮਸਲਾ ਹੱਲ ਨਹੀਂ ਹੁੰਦਾ ਨਾਲ ਲੜਾਈ ਝਗੜੇ ਦੇ
ਮਸਲਾ ਹੱਲ ਤਦੋਂ ਹੁੰਦੈ ਸਿਰ ਜਦ ਜੁੜ ਕੇ ਬਹਿੰਦੇ ਨੇ।

ਗਜ਼ਲ

ਜੂਨਾਂ ਦਾ ਸਰਦਾਰ ਆਦਮੀ।
ਫਿਰ ਵੀ ਆਵਾਜ਼ਾਰ ਆਦਮੀ
ਗਿਣਤੀ ਭਾਵੇਂ ਅਰਬਾਂ ਵਿਚ
ਵਿਰਲੈ ਵਿਚ ਸੰਸਾਰ ਆਦਮੀ
ਬਾਰੂਦ ਦੇ ਢੇਰ ਤੇ ਬੈਠਾ ਹੈ
ਮਰਨੇ ਲਈ ਤਿਆਰ ਆਦਮੀ
ਸੁਖੀ ਦੇਖ ਕੇ ਦੂਜੇ ਨੂੰ
ਹੁੰਦੇ ਆਪ ਬਿਮਾਰ ਆਦਮੀ
ਜਿੰਨੇ ਜੀਵ ਨੇ ਧਰਤੀ ਤੇ,
ਸਭ ਨਾਲੋਂ ਖੂੰਖਾਰ ਆਦਮੀ
ਝੂਠੀ ਮੂਠੀ ਸ਼ੋਹਰਤ ਦਾ,
ਹੋਇਐ ਪਿਐ, ਸ਼ਿਕਾਰ ਆਦਮੀ
ਨੁਕਸ ਗਿਣਾਉਂਦੇ ਹੋਰਾਂ ਦੇ
ਐਬਾਂ ਦਾ ਭੰਡਾਰ ਆਦਮੀ
ਵਰ ਖਿਲਾਫ਼ ਸਭ ਕੁਦਰਤ ਦੇ
ਕਰਦਾ ਹੈ ਵਿਵਹਾਰ ਆਦਮੀ
ਗੁੱਸਾ ਖਾ ਕੇ ਕੁਦਰਤ ਨੇ
ਦੇਣੇ ਆਖਰ ਮਾਰ ਆਦਮੀ।

ਗ਼ਜ਼ਲ

ਕਈ ਖੁਸ਼ ਕਈ ਉਦਾਸ ਦੇਖੇ
ਜੱਗ ਤੇ ਅਜਬ ਤਮਾਸ਼ੇ ਦੇਖੇ
ਚਾਰ ਕੁ ਛਿੱਲੜਾਂ ਖਾਤਰ ਹੀ
ਵਿਕਦੇ ਏਥੇ ਹਾਸੇ ਦੇਖੇ
ਰੱਬ ਸਮਝ ਕੇ ਪੂਜਣ ਲੋਕੀਂ

ਪੱਥਰ ਕਈ ਤਰਾਸ਼ੇ ਦੇਖੇ
ਦਿਲ ਤਾਂ ਅੰਦਰ ਬੂਝਿਐ ਹੋਇਐ
ਪਰ ਬੁੱਲਾਂ ਤੇ ਹਾਸੇ ਦੇਖੇ
ਖੱਬੀ ਖਾਨ ਕਹਾਉਂਦੇ ਸੀ ਜੋ
ਖੁਰਦੇ ਵਾਂਗ ਪਤਾਸੇ ਦੇਖੇ
ਫ਼ਜ਼ੂਲ ਜਿੰਨਾ ਨੇ ਖਰਚੇ ਕੀਤੇ
ਮੰਗਦੇ ਫੜਕੇ ਕਾਸੇ ਦੇਖੇ
ਭੂਤ ਭਵਿੱਖ 'ਚ ਡੁੱਬੇ ਹੋਏ
ਫਿਰਦੇ ਲੋਕ ਨਰਾਸ਼ੇ ਦੇਖੇ
ਭੀੜ ਪਈ ਤੋਂ ਪੱਕੇ ਦੋਸਤ
ਮੈਂ ਤਾਂ ਵੱਟਦੇ ਪਾਸੇ ਦੇਖੇ
ਨਦੀਆਂ ਪੀਂਦੇ ਸਦੀਆਂ ਤੋਂ
ਸਾਗਰ ਫਿਰ ਵੀ ਪਿਆਸੇ ਦੇਖੇ।